Postal No.-- CHD/0111/2015-17
Regd No. 32212/78

# ਲੁਬਾਣਾ ਸੇਵਕ

ਜੂਨ 2016 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਮੀਰੀ-ਪੀਰੀ ਅਤੇ ਸਿੱਖ ਸ਼ਹੀਦੀ ਪਰੰਪਰਾ ਦੇ ਸਿਰਤਾਜ



ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਉਤਸਵ ਸੰਗਤਾਂ ਬੜੇ ਉਤਸ਼ਾਹ ਅਤੇ ਗੌਰਵਮਈ ਢੰਗ ਨਾਲ ਮਨਾ ਰਹੀਆਂ ਹਨ। ਆਪ ਜੀ ਦਾ ਜਨਮ 19 ਜੂਨ 1595 ਈ. ਨੂੰ ਗੁਰੂ ਕੀ ਵਡਾਲੀ ਵਿਖੇ ਮਾਤਾ ਗੰਗਾ ਜੀ ਦੀ ਪਵਿੱਤਰ ਕੁੱਖੋਂ ਹੋਇਆ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਅਤੇ ਸਮੇਂ ਦੀ ਮੰਗ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਜੋ ਉਸ ਸਮੇਂ ਗੁਰਗੱਦੀ ਦੀ ਸੇਵਾ ਨਿਭਾਅ ਰਹੇ ਸਨ, ਨੇ ਧਰਮ ਦੇ ਨਾਲ-ਨਾਲ ਸਵੈ ਰੱਖਿਆ ਅਤੇ ਮਜਲੂਮਾਂ ਉਤੇ ਹੋ ਰਹੇ ਜ਼ੁਲਮ ਨੂੰ ਨੱਥ ਪਾਉਣ ਲਈ ਤਲਵਾਰ ਅਤੇ ਸ਼ਸ਼ਤਰ ਧਾਰਨ ਕੀਤੇ ਅਤੇ ਵੈਰੀਆਂ ਨਾਲ ਮੁਕਾਬਲਾ ਜਿੱਤ ਕੇ ਚੜ੍ਹਦੀ ਕਲਾ ਨਾਲ ਕਰਕੇ ਮੀਰੀ-ਪੀਰੀ ਦੀ ਸ਼ੁਰੂਆਤ ਕੀਤੀ। ਆਪ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਦੋ ਨਿਸ਼ਾਨ ਸਾਹਿਬ ਸਥਾਪਤ ਕੀਤੇ। ਇਕ ਧਰਮ ਅਤੇ ਦੂਜਾ ਰਾਜਨੀਤਕ ਦ੍ਰਿੜ੍ਹਤਾ ਲਈ ਸ਼ਸ਼ਤਰਧਾਰੀ ਹੋ ਕੇ ਜਥੇਬੰਦਕ ਹੋਣਾ। ਧਰਮ ਲਈ ਨਿਸ਼ਾਨ ਸਾਹਿਬ 101 ਫੁੱਟ ਅਤੇ ਸ਼ਸ਼ਤਰ-ਰਾਜਨੀਤਕ ਨਿਸ਼ਾਨ ਸਾਹਿਬ 100 ਫੁੱਟ ਉੱਚੇ ਸਥਾਪਤ ਕੀਤੇ ਤਾਂ ਜੋ ਧਰਮੀ ਰਹਿ ਕੇ ਗੁਰੂ ਆਸੇ ਅਨੁਸਾਰ ਜ਼ੁਲਮ ਦਾ ਟਾਕਰਾ ਕੀਤਾ ਜਾ ਸਕੇ। ਇਹ ਸਿਲਸਿਲਾ ਧਾਰਮਿਕ ਰੱਖਿਆ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ ਚੱਲਿਆ ਜੋ ਕਿ ਇਕ ਨਾ-ਬਰਾਬਰੀ ਵਾਲਾ ਦੁਨੀਆਂ ਵਿਚ ਵਿਲੱਖਣ ਇਤਿਹਾਸ ਬਣਿਆ ਹੈ ਅਤੇ ਸਿੱਖੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਲੋਂ ਸ਼ੁਰੂ ਕੀਤੀ ਗਈ ਸੀ ਉਹ ਫੈਸਲਾਕੁੰਨ ਹੋ ਨਿਬੜੀ ਹੈ।

ਬਾਬਾ ਬੰਦਾ ਸਿੰਘ ਬਹਾਦਰ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਿੱਖ ਇਤਿਹਾਸ ਵਿਚ ਇਕ ਨਿਧੜਕ ਯੋਧੇ, ਸਿਦਕੀ ਸੈਨਿਕ ਕਮਾਂਡਰ ਆਪਣਾ ਫਰਜ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਮਿਸ਼ਨ ਨੂੰ ਮੁੱਖ ਰੱਖ ਕੇ ਨਿਭਾਇਆ। ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ 16 ਅਕਤੂਬਰ 1670 ਈ. ਨੂੰ ਜੰਮੂ-ਕਸ਼ਮੀਰ ਦੇ ਪੂਣਛ ਜ਼ਿਲ੍ਹੇ ਦੇ ਪਿੰਡ ਰਾਜੌਰੀ ਵਿਖੇ ਹੋਇਆ। ਬੰਦਾ ਸਿੰਘ ਬਹਾਦਰ ਦਾ ਬਚਪਨ ਦਾ ਨਾਂਅ ਲਛਮਣ ਦਾਸ ਸੀ। 15 ਕੁ ਸਾਲਾਂ ਦੀ ਉਮਰ ਵਿਚ ਬੈਰਾਗੀ ਬਣ ਗਿਆ ਅਤੇ ਇਨ੍ਹਾਂ ਦਾ ਨਾਂ ਮਾਧੋ ਦਾਸ ਰੱਖ ਦਿੱਤਾ ਗਿਆ। ਬਾਬਾ ਬੰਦਾ ਬਹਾਦਰ ਦਾ ਗੋਦਾਵਰੀ ਦਰਿਆ ਦੇ ਕੰਢੇ ਡੇਰਾ ਸੀ ਜਿਥੇ ਉਹਨਾਂ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਪਹਿਲੀ ਮੁਲਾਕਾਤ ਹੋਈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮੇਂ ਦੇ ਲੋੜ ਮੁਤਾਬਕ ਮਾਧੋਦਾਸ ਨੂੰ ਅੰਮ੍ਰਿਤ ਛਕਾ ਕੇ ਬੰਦਾ ਸਿੰਘ ਦਾ ਨਾਂ ਦਿੱਤਾ ਅਤੇ ਬਹਾਦਰ ਦਾ ਖਿਤਾਬ ਬਖ਼ਸ਼ਿਆ। ਮੁਗਲਾਂ ਨਾਲ ਸਿੱਧੀ ਟੱਕਰ ਲੈਣ ਲਈ ਸਲਾਹਕਾਰਾਂ ਵਜੋਂ ਪੰਜ ਪਿਆਰੇ ਅਤੇ 20 ਹੋਰ ਸਿੰਘ ਨਾਲ ਭੇਜੇ ਅਤੇ ਪੰਜਾਬ ਵਿਚ ਸਿੱਖਾਂ ਨੂੰ ਸਹਿਯੋਗ ਦੇਣ ਲਈ ਹੁਕਮਨਾਮੇ ਭੇਜੇ। ਬਾਬਾ ਬੰਦਾ ਸਿੰਘ ਬਹਾਦਰ ਨੇ ਅਕਤੂਬਰ 1708 ਈ. ਵਿਚ ਪੰਜਾਬ ਰਵਾਨਾ ਕਰਨਾ ਕੀਤਾ। ਆਪ ਜੀ 18ਵੀਂ ਸਦੀ ਵਿਚ ਮੁਗਲਾਂ ਦੇ ਅੱਤਿਆਚਾਰ ਵਿਰੁੱਧ ਆਵਾਜ਼ ਉਠਾਉਣ ਵਾਲੇ ਲਾਸਾਨੀ ਯੋਧੇ ਦੇ ਰੂਪ ਵਿਚ ਗੁਰੂ ਬਖ਼ਸ਼ਿਸ਼ ਨਾਲ ਹਰ ਮੈਦਾਨ ਫਤਹਿ ਹਾਸਿਲ ਕਰਕੇ ਸੋਨੀਪਤ ਦੀ ਪਹਿਲੀ ਜੰਗ ਜਿੱਤੀ। ਕੈਂਥਲ ਨੇੜਿਓਂ ਸ਼ਾਹੀ ਖਜ਼ਾਨਾ ਲੁੱਟਿਆ ਅਤੇ ਕੈਂਥਲ ਤੇ ਕਬਜ਼ਾ ਕੀਤਾ। ਥੋੜ੍ਹੇ ਸਮੇਂ ਵਿਚ ਹੀ ਸਮਾਣਾ, ਘੁੜਾਮ, ਠਸਕਾ, ਸ਼ਾਹਬਾਦ, ਮੁਸਤਫਾਬਾਦ, ਕਪੂਰੀ, ਸੰਢੋਰਾ, ਛੱਤ-ਬਨੂੜ ਅਤੇ ਸਰਹਿੰਦ ਦੀ ਇਟ ਨਾਲ ਇਟ ਖੜਕਾ ਕੇ 12 ਮਈ 1710 ਈ. ਨੂੰ ਜਿੱਤ ਪ੍ਰਾਪਤ ਕੀਤੀ ਅਤੇ ਸਿੱਖ ਰਾਜ ਦੀ ਸਥਾਪਨਾ ਕਰਕੇ ਲੋਹਗੜ੍ਹ (ਮੁਖ਼ਲਿਸਗੜ੍ਹ) ਨੂੰ ਆਪਣੀ ਰਾਜਧਾਨੀ ਬਣਾ ਲਿਆ। ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਨਾਂਅ ਦਾ ਸਿੱਕਾ ਜਾਰੀ ਕੀਤਾ। ਆਪ ਜੀ ਮੁਗ਼ਲ ਬਾਦਸ਼ਾਹ ਨਾਲ ਲੋਹਾ ਲੈਂਦੇ ਹੋਏ ਆਖਿਰਕਾਰ ਸ਼ਾਹੀ ਫੌਜਾਂ ਵੱਲੋਂ 7 ਦਸੰਬਰ 1715 ਨੂੰ ਗੁਰਦਾਸ ਨੰਗਲ ਕੋਈ 800 ਸਿੱਖਾਂ ਸਮੇਤ ਕੈਦੀ ਬਣਾ ਕੇ ਲਾਹੌਰ ਉਪਰੰਤ ਦਿੱਲੀ ਲਿਜਾਇਆ ਗਿਆ। 5 ਮਾਰਚ 1716 ਨੂੰ 100-100 ਸਿੱਖਾਂ ਦਾ ਜਥਾ ਰੋਜ਼ਾਨਾ ਕਤਲ ਕੀਤਾ ਗਿਆ ਅਤੇ ਤਿੰਨ ਮਹੀਨੇ ਬਾਅਦ ਬਾਬਾ ਬੰਦਾ ਸਿੰਘ ਬਹਾਦਰ, ਉਹਨਾਂ ਦਾ ਚਾਰ ਸਾਲਾਂ ਦਾ ਪੁੱਤਰ ਅਜੈ ਸਿੰਘ ਅਤੇ 26 ਸਿੱਖਾਂ ਸਮੇਤ ਤਸੀਹੇ ਦੇ ਕੇ ਮਾਰਨਾ ਸ਼ੁਰੂ ਕੀਤਾ ਗਿਆ। ਸਭ ਤੋਂ ਪਹਿਲਾਂ ਪੁੱਤਰ ਅਜੈ ਸਿੰਘ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਗੋਦ ਵਿਚ ਬਿਠਾ ਕੇ ਇਸਲਾਮੀ ਢੰਗ ਨਾਲ ਸ਼ਹੀਦ ਕੀਤਾ ਅਤੇ ਬੱਚੇ ਦਾ ਦਿਲ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ ਵਿਚ ਪਾਇਆ ਗਿਆ। ਬਾਅਦ ਵਿਚ ਸਿੰਘ ਦੀ ਸ਼ਹੀਦੀ ਤਸੀਹੇ ਦੇ ਕੇ ਅਤੇ ਬਾਬਾ ਬੰਦਾ ਸਿੰਘ ਨੂੰ ਪਿੰਜਰੇ ਵਿਚ ਬੰਨ ਕੇ ਉਪਰੰਤ ਸ਼ਹੀਦ ਕੀਤਾ ਗਿਆ। ਇਸ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਸੇਵਾ ਕਰਦੇ ਹੋਏ ਨੇਪਰੇ ਚਾੜ੍ਹਿਆ ਅਤੇ ਇਸ ਦੌਰਾਨ ਸਭਨਾਂ ਨੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਸੰਸਾਰਕ ਇਤਿਹਾਸ ਵਿਚ ਸ਼ਾਇਦ ਹੀ ਇਸ ਤਰ੍ਹਾਂ ਦੇ ਸਰਕਾਰੀ ਢਾਂਚੇ ਨੂੰ ਤਹਿਸ ਨਹਿਸ ਕਰਨ ਦੀ ਮਿਸਾਲ ਹੋਵੇ ਉਹ ਵੀ ਧਰਮ ਖਾਤਰ ਅਤੇ ਜ਼ੁਲਮ ਨੂੰ ਮਿਟਾਉਣ ਲਈ।

ਸੋ ਸਭ ਨੂੰ ਅਜੋਕੇ ਸਮੇਂ ਵਿਚ ਆਪਣਾ ਧਰਮ ਰਾਜ ਅਤੇ ਦੇਸ਼ ਪੱਖੀ ਫਰਜ਼ ਨਿਭਾਉਣੇ ਚਾਹੀਦੇ ਹਨ ਅਤੇ ਸਮਾਜਿਕ ਨਾ-ਬਰਾਬਰੀ, ਰੋਜ਼ਗਾਰ, ਗਰੀਬੀ, ਕਿਰਸਾਨੀ ਨੂੰ ਲਾਹੇਵੰਦ ਅਤੇ ਗਰੀਬਾਂ ਦੀ ਹਾਲਤ ਸੁਧਾਰ ਲਈ ਠੋਸ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਵਿਹਲੇ ਰਹਿ ਰਹੇ ਲੋਕ ਨਸ਼ੇੜੀ ਨਾ ਬਣਨ, ਖੇਤੀ ਕਰਨ ਵਾਲੇ ਆਰਥਿਕ ਤੰਗੀ ਕਾਰਨ ਜਹਾਲਤ ਵਿਚੋਂ ਬਾਹਰ ਨਿਕਲਣ ਅਤੇ ਖੁਦਕਸ਼ੀਆਂ ਕਰਨ ਲਈ ਮਜਬੂਰ ਨਾ ਹੋਣ। ਮਜ਼ਦੂਰ ਵਰਗ ਨੂੰ ਵੀ ਕੰਮਾਂ ਤੇ ਲਾ ਕੇ ਦੇਸ਼ ਲਈ ਉਪਯੋਗੀ ਅਤੇ ਆਤਮ ਨਿਰਭਰ ਬਣਾਇਆ ਜਾਵੇ ਤਾਂ ਹੀ ਧਰਤੀ ਸਵਰਗ ਹੋਵੇਗੀ।


**ਗੁਰਚਰਨ ਸਿੰਘ**

**ਪ੍ਰਧਾਨ ਅਤੇ ਮੁੱਖ ਸੰਪਾਦਕ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ**

**ਮੋ. 98140-17067**

# ਲੁਬਾਣਾ ਸੇਵਕ


**Chief Editor**
**S. Gurcharan Singh**
117, Sector-35-A, Chandigarh
M.: 98140-17067

**Addl. Chief Editor**
Major Narinder Singh Jallo (Retd.)
H.No. 96-Sec-71, SAS Nagar
Tel.: 98881-34553

**Editor**
**S. Bhagwan Singh Lubana**
Dy. Chief Engineer (Retd.)
187, Hardyal Nagar, Garha Road, Jalandhar
E-mail:lubanabs@yahoo.co.in
M.: 98155-40240

**Advisors**
S. Manjit Singh S.E. (Retd.) Jalandhar
Dr. Davinder Singh, Mukerian
Er. Harbir Singh Multani Jalandhar

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 9814017067, General Secretary-94173-39469

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ


ਜਿਲਦ ਨੰ. 41 | ਅੰਕ - 52 | ਜੂਨ - 2016



1. ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਤੇ ਬਣਾਏ ਹੋਏ ਅਸਥਾਨਾਂ ਦਾ... 4
2. ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ 6
3. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਇਤਿਹਾਸਕ ਪੱਖ 9
4. ਜਦੋਂ ਸਿੱਖਾਂ ਨੇ ਬੰਦਾ ਬਹਾਦਰ ਦੀ ਕਮਾਨ ਹੇਠ ਸਰਹਿੰਦ ਨੂੰ ਫਤਹਿ ਕੀਤਾ 15
5. "ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿਚ ਪੰਜਾਬ ਚਿਤ੍ਰਨ" 17
6. ਪਿੰਡ ਨੰਗਲ ਲੁਬਾਣਾ ਵਿਖੇ ਬਾਬਾ ਦਲੀਪ ਸਿੰਘ ਜੀ ਦੀ ਬਰਸੀ ਮਨਾਈ 21
7. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ 23
8. ਪ੍ਰਦੂਸ਼ਣ ਰਹਿਤ ਫੁਲਵਾੜੀ ਦੀ ਲੋੜ 24
9. ਕਾਵਿ-ਕਿਆਰੀ 27
10. ਸਿਹਤ ਸੰਭਾਲ 29
11. की जाणा मैं कौण? 30
12. क्या यही है आधुनिकता 31
13. Saka Shaheed Ganj Lahore 32
14. Nimbu Pani! A Cure for Cancer... 34
15. ਦਾਨੀ ਸੱਜਣਾਂ ਦੀ ਸੂਚੀ 35
16. Matrimonial 42




## ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ

'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।


**Printed & Published by Gurcharan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਤੇ ਬਣਾਏ ਹੋਏ ਅਸਥਾਨਾਂ ਦਾ ਵੇਰਵਾ

**ਸੰਤੋਖਸਰ** - ਸਭ ਤੋਂ ਪਹਿਲਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਸੰਤੋਖਸਰ ਆਰੰਭ ਕੀਤਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਪਹਿਲਾਂ ਉਸ ਨੂੰ ਪੂਰਨ ਕਰਨਾ ਉਚਿਤ ਸਮਝਿਆ। ਪੇਸ਼ਾਵਰ ਦੇ ਰਹਿਣ ਵਾਲੇ ਇਕ ਧਨਾਢ ਸਿੱਖ ਭਾਈ ਸੰਤੋਖ ਨੇ ਇਸ ਦੀ ਸੇਵਾ ਵਾਸਤੇ ਚੋਖਾ ਧਨ ਅਰਦਾਸ ਕਰਵਾਇਆ। ਸੰਨ 1643 ਬਿਕਰਮੀ ਵਿਚ ਇਹ ਸਰੋਵਰ ਮੁਕੰਮਲ ਹੋ ਗਿਆ।

**ਸ੍ਰੀ ਹਰਿਮੰਦਰ ਸਾਹਿਬ** - ਫੇਰ ਸ੍ਰੀ ਗੁਰੂ ਅਰਜਨ ਦੇਵ ਜੀ ਸਾਹਿਬ ਮਹਾਰਾਜ ਨੇ ਅੰਮ੍ਰਿਤ-ਸਰੋਵਰ ਨੂੰ ਮੁਕੰਮਲ ਕਰਨ ਵੱਲ ਆਪਣਾ ਸਾਰਾ ਧਿਆਨ ਲਾਇਆ -

ਸਰੋਵਰ ਲਗਭਗ ਮੁਕੰਮਲ ਹੋ ਗਿਆ ਤਾਂ ਮਹਾਰਾਜ ਨੇ ਪਹਿਲੀ ਮਾਘ ੧੬੪੫ ਬਿ. ਨੂੰ ਹਰਿਮੰਦਰ ਸਾਹਿਬ ਦੀ ਨੀਂਹ ਧਰੀ। ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਅਨੋਖੀ ਕਰਨੀ ਕਰ ਵਿਖਾਈ, ਜਿਸ ਦੀ ਹੋਰ ਕਿਧਰੇ ਮਿਸਾਲ ਨਹੀਂ ਮਿਲਦੀ। ਲਾਹੌਰ ਤੋਂ ਸਾਈਂ ਮੀਆਂ ਮੀਰ ਨੂੰ ਬੁਲਾ ਕੇ 'ਹਰਿਮੰਦਰ ਸਾਹਿਬ' ਦੀ ਨੀਂਹ ਉਸ ਕੋਲੋਂ ਰਖਵਾਈ ਗਈ। ਸਿੱਖਾਂ ਦੇ ਸਭ ਤੋਂ ਵੱਡੇ ਧਰਮ-ਅਸਥਾਨ ਦੀ ਨੀਂਹ ਇਕ ਮੁਸਲਮਾਨ ਫਕੀਰ ਦੇ ਹੱਥੋਂ ਰਖਵਾਈ ਗਈ।



**ਭਗਵਾਨ ਸਿੰਘ ਲੁਬਾਣਾ**
**ਸੰਪਾਦਕ**
**98155-40240**

'ਹਰਿਮੰਦਰ' ਸਾਹਿਬ ਅੰਮ੍ਰਿਤਸਰ (ਸਰੋਵਰ) ਦੇ ਵਿਚਕਾਰ ਰਚਿਆ ਗਿਆ। ਉਸ ਦੇ ਚਾਰ ਦਰਵਾਜ਼ੇ ਰੱਖੇ ਗਏ ਜਿਸ ਦਾ ਭਾਵ ਸੀ ਕਿ ਇਹ ਧਰਮ ਅਸਥਾਨ ਚੌਹਾਂ ਵਰਣਾਂ ਵਾਸਤੇ ਖੁੱਲ੍ਹਾ ਹੈ। ਪੰਡਤ ਦੇ ਬਣਾਏ ਮੰਦਰ ਕੇਵਲ ਉੱਚ ਜਾਤੀਆਂ ਵਾਸਤੇ ਸਨ। ਮਿਥੀਆਂ ਹੋਈਆਂ ਨੀਵੀਆਂ ਜਾਤੀਆਂ ਨੂੰ ਉਨ੍ਹਾਂ ਦੇ ਅੰਦਰ ਦਾਖਲ ਹੋਣ ਦੀ ਆਗਿਆ ਨਹੀਂ ਸੀ। ਇਹ ਹਰੀ (ਈਸ਼ਵਰ) ਦਾ ਮੰਦਰ ਸਾਰੀਆਂ ਜਾਤੀਆਂ ਵਾਸਤੇ, ਹਰ ਪ੍ਰਾਣੀ ਮਾਤਰ ਵਾਸਤੇ ਖੁੱਲ੍ਹਾ ਸੀ। 'ਹਰਿਮੰਦਰ' ਸਾਹਿਬ ਨੂੰ ਇਕ ਪੁਲ ਰਾਹੀਂ ਬਾਹਰ ਦੀ ਪਰਕਰਮਾ ਨਾਲ ਮਿਲਾ ਦਿੱਤਾ ਗਿਆ। ਕਲਾ-ਮਈ ਪੱਖ ਤੋਂ ਵੀ ਇਹ ਕਾਰੀਗਰੀ ਦਾ ਬਹੁਤ ਉੱਤਮ ਨਮੂਨਾ ਹੈ। ਇਸ ਵੇਲੇ ਅੰਮ੍ਰਿਤਸਰ ਦਾ ਹਰਿਮੰਦਰ ਸਾਹਿਬ (ਗੋਲਡਨ ਟੈਂਪਲ) ਸੰਸਾਰ ਦੇ ਪ੍ਰਸਿੱਧ 'ਅਜੂਬਿਆਂ' ਵਿਚੋਂ ਗਿਣਿਆ ਜਾਂਦਾ ਹੈ।

**ਦਸਵੰਧ** - ਗੁਰੂ ਰਾਮਦਾਸ ਜੀ ਨੇ ਮਸੰਦ ਥਾਪੇ ਸਨ, ਬਾਹਰੋਂ ਉਗਰਾਹੀ ਲਿਆਉਣ ਵਾਸਤੇ। ਗੁਰੂ ਅਰਜਨ ਦੇਵ ਜੀ ਨੇ ਉਸ ਉਗਰਾਹੀ ਦੀ ਇਕ ਹੱਦ ਮਿੱਥ ਦਿੱਤੀ। ਸੰਗਤਾਂ ਨੂੰ ਹੁਕਮ ਦਿੱਤਾ ਕਿ ਹਰ ਸ਼ਰਧਾਲੂ ਸਿੱਖ ਆਪਣੀ ਖਾਲਸ ਬੱਚਤ ਵਿਚੋਂ ਦਸਵਾਂ ਹਿੱਸਾ ਗੁਰੂ ਕੀ ਗੋਲਕ ਵਾਸਤੇ ਭੇਟਾ ਕਰੇ। ਏਸ ਹਿੱਸੇ ਵਾਸਤੇ ਸਿੱਖਾਂ ਵਿਚ ਅੱਜ ਤੱਕ ਸ਼ਬਦ 'ਦਸਵੰਧ' ਪ੍ਰਚਲਤ ਹੈ।

ਇਸ ਦਸਵੰਧ ਵਿਚੋਂ ਗੁਰੂ ਕਾ ਲੰਗਰ ਤੇ ਲੋਕ ਭਲਾਈ ਦੇ ਹੋਰ ਕਾਰਜ ਚਲਦੇ ਸਨ, ਲੋੜਵੰਦਾਂ ਦੀ ਮਾਲੀ ਸਹਾਇਤਾ ਵੀ ਕੀਤੀ ਜਾਂਦੀ ਸੀ। ਇਉਂ ਸਮਝੋ ਕਿ ਗੁਰੂ ਕੀ ਗੋਲਕ ਸਾਰੀ ਕੌਮ ਦਾ ਸਾਂਝਾ ਸਰਮਾਇਆ ਸੀ।

**ਤਰਨਤਾਰਨ** - ਅੰਮ੍ਰਿਤਸਰ ਦੇ ਹਾਲਾਤ ਠੀਕ ਹੋ ਗਏ ਤਾਂ ਗੁਰੂ ਮਹਾਰਾਜ ਨੇ ਇਲਾਕੇ ਵਿਚ ਦੌਰੇ ਕਰਨੇ ਸ਼ੁਰੂ ਕਰ ਦਿੱਤੇ। ਜਿੱਥੇ ਮਹਾਰਾਜ ਪੁਰਾਤਨ ਧਰਮ-ਅਸਥਾਨਾਂ ਦੀ ਸੇਵਾ ਕਰਾਉਂਦੇ, ਉਥੇ ਨਵੇਂ ਅਸਥਾਨ ਵੀ ਰਚਦੇ। ਸਤਾਰਾਂ ਵਿਸਾਖ, ਸੰਮਤ 1647 ਬਿ. ਨੂੰ ਮਹਾਰਾਜ ਨੇ 'ਤਰਨਤਾਰਨ' ਦੇ ਪਵਿੱਤਰ ਸਰੋਵਰ ਦਾ ਟੱਪਾ ਲਾਇਆ। ਇਹ ਸਰੋਵਰ ਕਾਫੀ ਵੱਡਾ ਹੈ।

ਹਰਿਮੰਦਰ ਸਾਹਿਬ ਸਰੋਵਰ ਦੇ ਇਕ ਕਿਨਾਰੇ ਉਤੇ ਹੈ, ਅੰਮ੍ਰਿਤਸਰ ਵਾਂਗ ਵਿਚਕਾਰ ਨਹੀਂ। ਸਰੋਵਰ ਤੋਂ ਥੋੜ੍ਹੀ ਵਿੱਥ ਉਤੇ ਗੁਰਦੇਵ ਨੇ ਕੋਹੜੀਆਂ ਦੇ ਰਹਿਣ ਵਾਸਤੇ ਇਕ ਨਿਵਾਸ-ਅਸਥਾਨ ਬਣਾਇਆ ਜਿਥੇ ਰੋਗੀਆਂ ਦੇ ਅੰਨ ਬਸਤਰ ਤੇ ਦਵਾ ਦਾਰੂ ਦਾ ਪ੍ਰਬੰਧ ਕੀਤਾ ਗਿਆ।

ਏਥੋਂ ਚੱਲ ਕੇ 'ਚੋਲ੍ਹਾ' ਆਦਿ ਨਗਰਾਂ ਵਿਚ ਦੀ ਸੰਗਤਾਂ ਨੂੰ ਤਾਰਦੇ ਹੋਏ, ਤੇ ਖਡੂਰ ਸਾਹਿਬ ਤੋਂ ਗੋਇੰਦਵਾਲ ਗੁਰਧਾਮਾਂ ਦੇ ਦਰਸ਼ਨ ਕਰਦੇ ਹੋਏ ਆਪ ਦੁਆਬੇ ਵਿਚ ਜਾ ਪਹੁੰਚੇ।

**ਕਰਤਾਰਪੁਰ ਵਸਾਇਆ** - ਗੁਰੂਦੇਵ ਡੱਲੇ ਨਗਰ ਵਿਚ ਠਹਿਰੇ ਹੋਏ ਸਨ। ਹਜੂਰ ਦੀ ਸੋਭਾ ਸੁਣ ਕੇ ਜਲੰਧਰ ਦਾ ਨਾਜ਼ਮ ਅਜ਼ੀਮ ਖਾਂ ਵੀ ਦਰਸ਼ਨ ਕਰਨ ਆਇਆ। ਮਹਾਰਾਜ ਦੇ ਸ਼ੁਭ ਵਿਚਾਰ ਸੁਣ ਕੇ ਉਹ ਬਹੁਤ ਪ੍ਰਭਾਵਿਤ ਹੋਇਆ। ਉਹਨੇ ਆਪਣੇ ਇਲਾਕੇ ਵਿਚ ਕੋਈ ਨਵਾਂ ਨਗਰ ਵਸਾਉਣ ਵਾਸਤੇ ਗੁਰੂ ਮਹਾਰਾਜ ਅੱਗੇ ਬੇਨਤੀ ਕੀਤੀ। ਉਸਦੀ ਸ਼ਰਧਾ ਵੇਖ ਕੇ ਗੁਰਦੇਵ ਨੇ 21 ਮੱਘਰ 1650 ਬਿ. ਨੂੰ ਇਸ ਨਗਰ ਦੀ ਨੀਂਹ ਧਰੀ। ਅਜ਼ੀਮ ਖਾਂ ਦੀ ਚਾਹ ਸੀ ਕਿ ਨਗਰ ਦਾ ਨਾਮ ਗੁਰੂ ਅਰਜਨ ਦੇਵ ਜੀ ਦੇ ਨਾਮ ਉਤੇ ਰੱਖਿਆ ਜਾਵੇ, ਪਰ ਕਰਤਾ-ਪੁਰਖ ਦੇ ਪੁਜਾਰੀ ਗੁਰਦੇਵ ਨੇ ਨਗਰ ਦਾ ਨਾਮ 'ਕਰਤਾਰਪੁਰ' ਰੱਖਿਆ। ਕੁਝ ਸਮਾਂ ਮਹਾਰਾਜ ਏਥੇ ਬਿਰਾਜੇ। ਹਜੂਰ ਤੋਂ ਪਿਛੋਂ ਛੇਵੇਂ, ਸੱਤਵੇਂ ਤੇ ਨੌਂਵੇਂ ਗੁਰੂ ਸਾਹਿਬ ਵੀ ਏਥੇ ਟਿਕਦੇ ਰਹੇ।

ਗੁਰੂ ਹਰਿਗੋਬਿੰਦ ਸਾਹਿਬ ਦੇ ਪੋਤਰੇ ਧੀਰਮੱਲ ਨੇ ਆਪਣੀ ਰਿਹਾਇਸ਼ ਏਥੇ ਹੀ ਰੱਖੀ। ਉਸਦੀ ਬੰਸ ਅਜੇ ਤੱਕ ਓਥੇ ਹੈ। ਗੁਰੂ ਅਰਜਨ ਦੇਵ ਜੀ ਨੇ ਜੋ ਬੀੜ ਲਿਖਵਾਈ ਸੀ, ਉਹ ਅਜੇ ਤੱਕ ਕਰਤਾਰਪੁਰ ਦੇ ਸੋਢੀਆਂ ਕੋਲ ਹੈ।

**ਛੇਹਰਟਾ ਸਾਹਿਬ** - ਉਸ ਸਮੇਂ ਮਾਝੇ ਵਿਚ ਨਹਿਰਾਂ ਨਹੀਂ ਸੀ। ਖੇਤੀ ਬਾਰਸ਼ ਉਤੇ ਹੀ ਨਿਰਭਰ ਕਰਦੀ ਸੀ ਜਾਂ ਕਿਤੇ ਕੋਈ ਰਜਦਾ ਪੁਜਦਾ ਜ਼ਿੰਮੀਦਾਰ ਖੂਹ ਲੁਆ ਲੈਂਦਾ ਸੀ। ਗੁਰਦੇਵ ਨੇ ਸਾਹਿਬਜ਼ਾਦੇ ਦੇ ਪ੍ਰਗਟ ਹੋਣ ਦੀ ਖੁਸ਼ੀ ਵਿਚ ਵਡਾਲੀ ਨਗਰ ਤੋਂ ਥੋੜ੍ਹੀ ਦੂਰ ਇਕ ਛੇਹਰਟਾ ਖੂਹ ਲੁਆਇਆ, ਜਿੱਥੇ ਅੱਜ-ਕਲ੍ਹ ਗੁਰਦੁਆਰਾ ਛੇਹਰਟਾ ਸਾਹਿਬ ਮੌਜੂਦ ਹੈ।

**ਲਾਹੌਰ ਵਿਚ** - ਗੁਰਦੇਵ ਨੇ ਕੁਝ ਹੋਰ ਅਸਥਾਨ ਵੀ ਬਣਵਾਏ। 1656

ਬਿ. ਵਿਚ ਆਪ ਕੁਝ ਸਮਾਂ ਲਾਹੌਰ ਰਹੇ। ਉਥੇ ਆਪ ਨੇ ਗੁਰੂ ਰਾਮਦਾਸ ਜੀ ਦਾ ਜਨਮ ਅਸਥਾਨ ਤੇ ਡੱਬੀ ਬਾਜ਼ਾਰ ਵਿਚ ਗੁਰਦੁਆਰਾ ਬਾਉਲੀ ਸਾਹਿਬ ਬਣਵਾਇਆ।

ਵਾਪਸੀ ਸਮੇਂ ਪਿੰਡ ਸਹਿੰਸਰੇ ਵਿਚ ਮਹਾਰਾਜ ਨੇ ਗੁਰਦੁਆਰਾ 'ਗੁਰੂ ਕਾ ਬਾਗ' ਬਣਵਾਇਆ, ਜਿੱਥੇ ਅਕਾਲੀ ਲਹਿਰ ਸਮੇਂ ਬੜਾ ਪ੍ਰਸਿੱਧ ਮੋਰਚਾ ਲੱਗਾ ਰਿਹਾ।

**ਰਾਮਸਰ ਅੰਮ੍ਰਿਤਸਰ ਵਿਚ** - ਅੰਮ੍ਰਿਤਸਰ ਆ ਕੇ ਗੁਰਦੇਵ ਨੇ 1659-60 ਬਿ. ਵਿਚ 'ਰਾਮਸਰ' ਬਣਵਾਇਆ, ਜਿਸ ਦੇ ਕੰਢੇ ਬਹਿ ਕੇ ਆਪ ਨੇ ਪ੍ਰਸਿੱਧ ਬਾਣੀ 'ਸੁਖਮਨੀ' ਸਾਹਿਬ ਉਚਾਰੀ ਤੇ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ।

**ਖ਼ੁਸਰੋ ਦੀ ਬਗ਼ਾਵਤ** - 13 ਅਕਤੂਬਰ 1605 ਈ. (ਅੱਸੂ 1662 ਬਿ.) ਨੂੰ ਅਕਬਰ ਮਰ ਗਿਆ ਤਾਂ ਉਹਦਾ ਪੁੱਤਰ ਜਹਾਂਗੀਰ ਤਖ਼ਤ ਤੇ ਬੈਠਾ। ਛੇ ਕੁ ਮਹੀਨੇ ਪਿੱਛੋਂ ਜਹਾਂਗੀਰ ਦੇ ਵੱਡੇ ਸਾਹਿਬਜ਼ਾਦੇ ਖ਼ੁਸਰੋ ਨੇ ਬਗ਼ਾਵਤ ਕਰ ਦਿੱਤੀ। ਆਪਣੇ ਸਾਥੀਆਂ ਨਾਲ ਉਹ ਪੰਜਾਬ ਵੱਲ ਵਧਿਆ, ਮਗਰੇ ਜਹਾਂਗੀਰ ਫ਼ੌਜ ਲੈ ਕੇ ਲੱਗ ਤੁਰਿਆ। ਖ਼ੁਸਰੋ ਦਾ ਇਰਾਦਾ ਲਾਹੌਰ ਉਤੇ ਕਬਜ਼ਾ ਕਰਕੇ ਕਿਲ੍ਹੇ ਵਿਚ ਬਹਿ ਕੇ ਟਾਕਰਾ ਕਰਨ ਦਾ ਸੀ। ਪਰ ਉਹ ਆਪਣੇ ਮਨੋਰਥ ਵਿਚ ਸਫ਼ਲ ਨਾ ਹੋ ਸਕਿਆ। ਕੁਝ ਭਰੋਸੇਯੋਗ ਸਾਥੀ ਨਾਲ ਲੈ ਕੇ ਖ਼ੁਸਰੋ ਕਾਬਲ ਵੱਲ ਨੂੰ ਨੱਸਿਆ ਪਰ ਝਨ੍ਹਾਂ ਪਾਰ ਕਰਨ ਲੱਗਿਆਂ ਉਹ ਪਕੜਿਆ ਗਿਆ। ਏਨੇ ਤੱਕ ਜਹਾਂਗੀਰ ਲਾਹੌਰ ਪੁੱਜ ਗਿਆ ਸੀ। ਖ਼ੁਸਰੋ ਤੇ ਉਸਦੇ ਸਾਥੀ ਕੈਦੀਆਂ ਦੀ ਹੈਸੀਅਤ ਵਿਚ ਲਾਹੌਰ ਲਿਆਂਦੇ ਗਏ। ਖ਼ੁਸਰੋ ਉਸਦਾ ਪੁੱਤਰ ਸੀ, ਇਸ ਕਰਕੇ ਉਸਨੂੰ ਨਜ਼ਰਬੰਦ ਰਖਿਆ ਗਿਆ, ਪਰ ਉਹਦੇ ਸਾਰੇ ਹੀ ਸਾਥੀ ਤਸੀਹੇ ਦੇ ਕੇ ਕਤਲ ਕਰ ਦਿੱਤੇ ਗਏ। ਹੁਸੈਨ ਬੇਗ ਤੇ ਅਬਦੁੱਲ ਅਜ਼ੀਜ਼ ਆਦਿ ਕੁਝ ਸਿਰ-ਕੱਢ ਸਾਥੀਆਂ ਨੂੰ ਖੋਤੇ ਤੇ ਗਊ ਦੇ ਕੱਚੇ ਚਮੜੇ ਵਿਚ ਮੜ੍ਹ ਕੇ ਮਾਰਿਆ ਗਿਆ। ਖ਼ੁਸਰੋ ਦਾ ਟਾਕਰਾ ਕਰਨ ਵਾਲਿਆਂ ਨੂੰ ਜਗੀਰਾਂ ਤੇ ਖ਼ਿਤਾਬ ਵੀ ਦਿੱਤੇ ਗਏ। ਸ਼ੇਖ ਫ਼ਰੀਦ ਬੁਖਾਰੀ ਨੂੰ ਮੁਰਤਜ਼ਾ ਖਾਨ ਦਾ ਖਿਤਾਬ ਦਿੱਤਾ ਗਿਆ।

**ਗੁਰੂ ਜੀ ਦੇ ਵਿਰੁੱਧ ਸ਼ਿਕਾਇਤ** - ਬਾਦਸ਼ਾਹ ਪਹਿਲੀ ਜ਼ੀਅਲ ਹੱਜ (20 ਮਾਰਚ ਤੋਂ 9 ਮੁਹੱਰਮ 1015 ਹਿਜਰੀ ਲਗਭਗ 27 ਅਪ੍ਰੈਲ 1605 ਈ.) ਤੱਕ 39 ਦਿਨ ਲਾਹੌਰ ਰਿਹਾ। ਉਹ ਲਾਹੌਰ ਤੋਂ ਤੁਰਨ ਵਾਲਾ ਸੀ ਜਾਂ ਉਸਦੇ ਸਾਹਮਣੇ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਸ਼ਿਕਾਇਤ ਹੋਈ ਕਿ ਗੁਰੂ ਮਹਾਰਾਜ ਨੇ ਬਾਗ਼ੀ ਖ਼ੁਸਰੋ ਦੀ ਮੱਦਦ ਕੀਤੀ ਹੈ, ਜਹਾਂਗੀਰ ਨੇ ਓਸੇ ਵੇਲੇ ਗੁਰਦੇਵ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਦੇ ਦਿੱਤਾ।

**ਜਹਾਂਗੀਰ ਦਾ ਹੁਕਮ** - ਜਹਾਂਗੀਰ ਨਵਾਂ-ਨਵਾਂ ਤਖ਼ਤ ਤੇ ਬੈਠਾ ਸੀ। ਉਹ ਕੱਟੜ ਮੁਲਾਣਿਆਂ ਨੂੰ ਖ਼ੁਸ਼ ਕਰਨ ਵਾਸਤੇ ਗ਼ੈਰ-ਮੁਸਲਮਾਨਾਂ ਉਤੇ ਵੱਧ ਤੋਂ ਵੱਧ ਜ਼ੁਲਮ ਕਰਨਾ ਚਾਹੁੰਦਾ ਸੀ ਕਿ ਉਹ ਪੱਕਾ ਮੁਸਲਮਾਨ ਤੇ ਇਸਲਾਮ ਦਾ ਵਫ਼ਾਦਾਰ ਹੈ। ਇੱਕੋ ਕਿਸਮ ਦੀ ਸ਼ਿਕਾਇਤ ਬਦਲੇ ਮੁਸਲਮਾਨ ਤੇ ਗ਼ੈਰ-ਮੁਸਲਮਾਨ ਨੂੰ ਉਹ ਵੱਖ-ਵੱਖ ਸਜ਼ਾ ਦੇਂਦਾ ਹੈ। ਮਿਸਾਲ ਵਜੋਂ ਗੁਰੂ ਅਰਜਨ ਦੇਵ ਜੀ ਤੇ ਖ਼ਵਾਜਾ ਨਜ਼ਾਮੁੱਦੀਨ ਥਾਨੇਸਰੀ ਦੀ ਕਹਾਣੀ ਸਾਡੇ ਸਾਹਮਣੇ ਹੈ।

ਖ਼ਵਾਜਾ ਨਜ਼ਾਮੁੱਦੀਨ ਥਾਨੇਸਰੀ ਬਾਗ਼ੀ ਖ਼ੁਸਰੋ ਨੂੰ ਮਿਲਿਆ ਤੇ ਉਹਨੇ ਸ਼ਾਹਜ਼ਾਦੇ ਦੇ ਹੱਕ ਵਿਚ ਦੁਆ ਕੀਤੀ। ਬਾਦਸ਼ਾਹ ਨੂੰ ਪਤਾ ਲੱਗਾ ਤਾਂ ਖ਼ਵਾਜਾ ਨੂੰ ਪਕੜ ਮੰਗਵਾਇਆ ਗਿਆ। ਬਾਦਸ਼ਾਹ ਆਪ ਮੰਨਦਾ ਹੈ ਕਿ ਮੈਂ ਉਸਨੂੰ ਸਫ਼ਰ ਖਰਚ ਦੇ ਕੇ ਮੱਕੇ ਦੇ ਹੱਜ ਨੂੰ ਤੋਰ ਦਿੱਤਾ। ਭਾਵ ਜਿਸ ਸ਼ਿਕਾਇਤ ਬਦਲੇ ਇਕ ਮੁਸਲਮਾਨ ਫ਼ਕੀਰ ਨੂੰ ਸਿਰਫ਼ ਭਾਰਤ ਵਿਚੋਂ ਕੱਢ ਦੇਣਾ ਹੀ ਕਾਫੀ ਸਮਝਿਆ, ਓਸੇ ਸ਼ਿਕਾਇਤ ਬਦਲੇ ਗੁਰੂ ਅਰਜਨ ਦੇਵ ਜੀ ਨੂੰ ਮੌਤ ਦੀ ਸਜ਼ਾ ਦਿੱਤੀ ਗਈ। ਇਹ ਹੈ, 'ਜਹਾਂਗੀਰੀ ਇਨਸਾਫ਼' ਜਿਸਦੀ ਕੁਛ ਲੋਕ ਦੁਹਾਈ ਦੇਂਦੇ ਨਹੀਂ ਥੱਕਦੇ।

**ਗੁਰੂ ਜੀ ਦਾ ਅਸਲੀ ਕਾਤਲ ਕੌਣ?** - ਅਧੂਰੀ ਖੋਜ ਦੇ ਕਾਰਨ, ਕੁਝ ਲੋਕ ਕੇਵਲ ਚੰਦੂ ਨੂੰ ਹੀ ਗੁਨਾਹਗਾਰ ਮੰਨਦੇ ਹਨ। ਇਹ ਮੰਨਣਯੋਗ ਗੱਲ ਹੈ ਕਿ ਗੁਰਦੇਵ ਦੇ ਵਿਰੁੱਧ ਸ਼ਿਕਾਇਤ ਕਰਨ ਵਾਲਿਆਂ ਵਿਚ ਚੰਦੂ ਮੋਹਰੀ ਹੋਵੇਗਾ। ਸ਼ਿਕਾਇਤ ਕਰਨ ਵਾਲੇ ਹੋ ਸਕਦੇ ਹਨ, ਮੌਲਵੀ, ਪੰਡਤ, ਪ੍ਰਿਥੀਆ ਤੇ ਚੰਦੂ। ਸਰਕਾਰੀ ਕਰਮਚਾਰੀ ਹੋਣ ਕਰਕੇ ਚੰਦੂ ਦਾ ਅਸਰ ਵਧੇਰੇ ਹੋ ਸਕਦਾ ਹੈ। ਗੁਰਦੇਵ ਨੂੰ ਤਸੀਹੇ ਦੇਣ ਵਿਚ ਵੀ ਚੰਦੂ ਦਾ ਹੱਥ ਹੈ ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਜਹਾਂਗੀਰ ਇਸ ਪਾਪ ਤੋਂ ਬਰੀ ਨਹੀਂ ਹੋ ਸਕਦਾ। ਉਸਦੀ ਆਪਣੀ ਲਿਖਤ ਉਹਦੇ ਵਿਰੁੱਧ ਸਭ ਤੋਂ ਵੱਡੀ ਗਵਾਹੀ ਹੈ।

'ਤੁਜ਼ਕਿ ਜਹਾਂਗੀਰੀ' ਵਿਚ ਜਹਾਂਗੀਰ ਆਪ ਲਿਖਦਾ ਹੈ - 'ਦਰਿਆ ਬਿਆਸ ਦੇ ਕਿਨਾਰੇ, ਗੋਇੰਦਵਾਲ ਵਿਚ ਪੀਰਾਂ ਤੇ ਬਜ਼ੁਰਗਾਂ ਦੇ ਭੇਸ ਵਿਚ (ਗੁਰੂ) ਅਰਜਨ ਨਾਮ ਦਾ ਇਕ ਹਿੰਦੂ ਰਹਿੰਦਾ ਸੀ। ਉਸਨੇ ਬਹੁਤ ਸਾਰੇ ਹਿੰਦੂਆਂ, ਸਗੋਂ ਮੂਰਖ ਤੇ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੀ ਰਹਿਤ ਤੇ ਤਰੀਕਿਆਂ ਦਾ ਸ਼ਰਧਾਲੂ ਬਣਾ ਕੇ ਆਪਣੀ ਬਜ਼ੁਰਗੀ ਤੇ ਪੀਰੀ ਦਾ ਢੋਲ ਬਹੁਤ ਉਚਾ ਵਜਾਇਆ ਹੋਇਆ ਸੀ। ਲੋਕ ਉਸਨੂੰ ਗੁਰੂ ਕਹਿੰਦੇ ਸਨ। ਸਭ ਪਾਸਿਆਂ ਤੋਂ ਫਰੇਬੀ ਤੇ ਠੱਗੀ ਪਸੰਦ ਲੋਕ ਉਸ ਪਾਸ ਆਉਂਦੇ ਤੇ ਉਸ ਉਤੇ ਪੂਰਨ ਭਰੋਸਾ ਪ੍ਰਗਟ ਕਰਦੇ। ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਦੀ ਇਹ ਦੁਕਾਨ ਗਰਮ ਸੀ। (ਚੱਲ ਰਹੀ ਸੀ) ਢੇਰ ਚਿਰ ਤੋਂ ਮੇਰੇ ਦਿਲ ਵਿਚ ਇਹ ਖਿਆਲ ਆ ਰਿਹਾ ਸੀ, ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਉਸ ਨੂੰ (ਗੁਰੂ ਨੂੰ) ਮੁਸਲਮਾਨਾਂ ਦੇ ਮਜ਼੍ਹਬ ਵਿਚ ਲੈ ਆਉਣਾ ਚਾਹੀਦਾ ਹੈ। ਇਨ੍ਹਾਂ ਦਿਨਾਂ ਵਿਚ ਹੀ ਖ਼ੁਸਰੋ ਦਰਿਆ ਪਾਰ ਹੋਇਆ। ਇਸ ਜਾਹਿਲ ਆਦਮੀ ਨੇ ਇਰਾਦਾ ਕੀਤਾ, ਉਹ ਉਸਦੇ ਨੇੜੇ ਰਹੇ। ਇਹ ਉਸਨੂੰ ਮਿਲਿਆ ਤੇ ਕੇਸਰ ਦੀ ਉਕ ਉਂਗਲੀ ਉਸਦੇ ਮੱਥੇ ਤੇ ਲਾਈ ਜਿਸਨੂੰ ਹਿੰਦੂ ਲੋਕ ਤਿਲਕ ਲਾਉਣਾ ਕਹਿੰਦੇ ਹਨ ਤੇ ਇਸਨੂੰ ਚੰਗਾ ਸ਼ਗਨ ਮੰਨਦੇ ਹਨ। ਮੈਂ ਹੁਕਮ ਦਿੱਤਾ ਕਿ ਉਸ ਦਾ ਮਾਲ ਅਸਬਾਬ ਜ਼ਬਤ ਕੀਤਾ ਜਾਵੇ ਤੇ ਉਸਨੂੰ ਯਾਸਾ ਦੇ ਕਾਨੂੰਨ ਅਧੀਨ ਸਜ਼ਾ ਦਿੱਤੀ ਜਾਵੇ ਇਸਨੂੰ ਡਰਾਉਣ-ਧਮਕਾਉਣ ਤੇ ਤਸੀਹੇ ਦੇ ਕੇ ਕਤਲ ਕਰਨ ਦਾ ਹੁਕਮ ਦਿੱਤਾ ਤੇ ਮੁਰਤਜਾ ਖਾਨ ਨੂੰ ਇਸਤੇ ਛੇਤੀ ਅਮਲ ਕਰਨ ਲਈ ਕਿਹਾ ਇਸ ਲਿਖਤ ਦੇ ਹੁੰਦਿਆਂ ਕੌਣ ਕਹਿ ਸਕਦਾ ਹੈ ਕਿ ਜਹਾਂਗੀਰ ਨਿਰਦੋਸ਼ ਹੈ।

ਆਪਣਾ ਧਰਮ ਨਿਭਾਉਂਦੇ ਹੋਏ ਗੁਰੂ ਅਰਜਨ ਦੇਵ ਜੀ ਸ਼ੁਕਰਵਾਰ, ਜੇਠ ਸੁਦੀ ਚਾਰ, ਦੋ ਹਾੜ 1663 ਬਿ. (30 ਮਈ, 1606 ਈ.) ਨੂੰ ਸ਼ਹੀਦੀ ਪ੍ਰਾਪਤ ਕਰ ਗਏ।

ਆਪ 18 ਸਾਲ 4 ਮਹੀਨੇ, 14 ਦਿਨ ਦੀ ਉਮਰ ਵਿਚ ਗੁਰਗੱਦੀ ਉਤੇ ਬੈਠੇ ਸਨ। 24 ਸਾਲ 9 ਮਹੀਨੇ ਗੁਰਿਆਈ ਕਰਕੇ, ਜੇਠ ਸੁਦੀ ਚਾਰ ਨੂੰ ਆਪ ਲਾਹੌਰ ਵਿਚ ਸ਼ਹੀਦ ਹੋਏ। ਆਪ ਜੀ ਨੇ ਕੁੱਲ ਉਮਰ 43 ਸਾਲ, 1 ਮਹੀਨੇ ਤੇ ਪੰਦਰਾਂ ਦਿਨ ਮਾਣੀ।

# ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ



**ਗੁਰਚਰਨ ਸਿੰਘ**
**ਪ੍ਰਧਾਨ ਅਤੇ ਮੁੱਖ ਸੰਪਾਦਕ**



**"ਰਾਮ ਦਾਸਿ ਗੁਰੂ ਜਗ ਤਾਰਨ ਕਉ, ਗੁਰ ਜੋਤਿ ਸੁ ਅਰਜੁਨ ਮਾਹਿ ਧਰੀ"** ਸ੍ਰੀ ਗੁਰੂ ਅਰਜਨ ਦੇਵ ਜੀ ਨੇ 15 ਅਪ੍ਰੈਲ ਸੰਨ 1563 (19 ਵੈਸਾਖ ਵਦੀ 7 ਸੰਮਤ 1620) ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ, ਬੀਬੀਭ ਾਨੀਜ ਿਦ ਿਪ ਵਿੱਤਰਕ੍ਰੱਖਤੋਂ (ਨਾਨਕੇਘ ਰ)ਸ ੍ਰਿਗੋਇੰਦਵਾਲਸ ਾਹਿਬ ਅਵਤਾਰ ਧਾਰਿਆ। **"ਗੁਰੂ ਅਮਰਦਾਸ ਜੀ ਦੀ ਅਸੀਸ, ਦੋਹਿਤਾ ਬਾਣੀ ਦਾ ਬੋਹਿਥਾ"** ਆਪ ਜੀ ਦਾ ਬਚਪਨ ਤੀਸਰੇ ਗੁਰੂ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ, ਜੋ ਕਿ ਆਪ ਜੀ ਦੇ ਨਾਨਾ ਜੀ ਸਨ, ਦੀ ਰੂਹਾਨੀ ਗੋਦ ਵਿਚ ਬੀਤਿਆ। ਗੁਰਮੁੱਖੀ ਅੱਖਰ ਆਪ ਜੀ ਨੂੰ ਗੁਰੂ ਅਮਰਦਾਸ ਜੀ ਨੇ ਸਿਖਾਏ, ਦੇਖ-ਰੇਖ ਬਾਬਾ ਬੁੱਢਾ ਜੀ ਨੇ, ਮੋਹਰੀ ਜੀ ਨੇ ਗਣਿਤ ਵਿਦਿਆ ਸਿਖਲਾਈ, ਦੇਵਨਾਗਰੀ ਪਿੰਡ ਦੀ ਪਾਠਸ਼ਾਲਾ ਤੋਂ ਸਿੱਖੀ, ਸੰਸਕ੍ਰਿਤ ਦਾ ਗਿਆਨ ਪੰਡਿਤ ਬੈਣੀ ਜੀ ਕੋਲੋਂ ਸਿੱਖਿਆ। ਗੁਰੂ ਅਰਜਨ ਦੇਵ ਜੀ ਨੇ ਹਰ ਵਿੱਦਿਆ ਵਿਚ ਮੁਹਾਰਤ ਹਾਸਲ ਕਰ ਲਈ ਸੀ। ਆਪ ਜੀ ਚਿੱਤਰਕਾਰੀ, ਉਸਾਰੀ ਅਤੇ ਸ਼ਿਲਪ ਕਲਾ ਵਿਚ ਵੀ ਨਿਪੁੰਨ ਹੋ ਗਏ ਸਨ। ਸ੍ਰੀ ਹਰਿਮੰਦਰ ਸਾਹਿਬ, ਤਰਨਤਾਰਨ, ਡੱਬੀ ਬਾਜ਼ਾਰ ਲਾਹੌਰ, ਬਾਉਲੀ ਸਾਹਿਬ, ਦੀਵਾਨ ਖਾਨਾ, ਕਰਤਾਰਪੁਰ (ਜਲੰਧਰ) ਦਾ ਸ਼ੀਸ਼ ਮਹੱਲ ਅਤੇ ਉਨ੍ਹਾਂ ਦੁਆਰਾ ਲਗਾਏ ਗਏ ਬਾਗ ਢੁੱਕਵੀਆਂ ਉਦਾਹਰਨਾਂ ਹਨ। ਘੋੜ ਸਵਾਰੀ ਦੇ ਆਪ ਜੀ ਮਾਹਿਰ ਸਨ। ਨੇਜਾਬਾਜੀ ਉਨ੍ਹਾਂ ਵਰਗੀ ਕੋਈ ਜਾਣਦਾ ਨਹੀਂ ਸੀ। ਸੇਵਾ ਵਿਚ ਜੁੱਟੇ ਰਹਿੰਦੇ ਸਨ। ਆਪ ਜੀ ਤੋਂ ਵੱਡੇ ਭਾਈ ਸਾਹਿਬ ਮਹਾਂਦੇਵ ਜੀ ਆਪ ਨੂੰ ਸਿਰਫ਼ ਸੇਵਾ ਤੇ ਵੈਰਾਗੀ ਰੂਪ ਵਿਚ ਵਿਚਰਦੇ ਹੋਏ ਵੇਖ ਕੇ '**ਖਲਜਗਣ**' ਕਹਿੰਦੇ ਸਨ।

ਸ੍ਰੀ ਗੁਰੂ ਰਾਮਦਾਸ ਜੀ ਦੇ ਤਾਏ ਦੇ ਪੁੱਤਰ (ਸੰਹਾਰੀ ਮੱਲ ਜੀ) ਲਾਹੌਰ ਤੋਂ ਆਪਣੇ ਬੇਟੇ ਦੇ ਵਿਆਹ ਦੇ ਸਮਾਗਮ ਵਿਚ ਸ਼ਾਮਲ ਹੋਣ ਲਈ ਸੱਦਾ ਦੇ ਕੇ ਗਏ। ਆਪ ਜੀ ਰੁਝੇਵਿਆਂ ਕਾਰਨ ਨਾ ਜਾ ਸਕਣ ਕਾਰਨ ਉਚਿੱਤ ਸਮਝਿਆ ਕਿ ਕਿਸੇ ਪੁੱਤਰ ਨੂੰ ਭੇਜ ਦਿੱਤਾ ਜਾਵੇ, ਪ੍ਰੰਤੂ ਪ੍ਰਿਥੀ ਚੰਦ ਅਤੇ ਮਹਾਂਦੇਵ ਵੱਲੋਂ ਬਹਾਨੇਬਾਜ਼ੀ ਕਰਨ ਤੇ ਅਤੇ ਪਿਤਾ ਸਮਝ ਕੇ ਨਾਂਹ ਕਰ ਦਿੱਤੀ। ਉਪਰੰਤ ਸ੍ਰੀ ਗੁਰੂ ਰਾਮਦਾਸ ਜੀ ਨੇ ਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਹਿਣਾ ਕੀਤਾ, ਪੁੱਤਰ ਆਪਣੇ ਭਰਾ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਲਾਹੌਰ ਜਾਣ ਦੀ ਤਿਆਰੀ ਕਰੋ। ਜੋ ਆਗਿਆ ਪਿਤਾ ਜੀ ਅਤੇ ਆਪਣਾ ਸਿਰ ਗੁਰੂ ਜੀ ਅੱਗੇ ਝੁਕਾਇਆ। ਗੁਰੂ ਜੀ ਨੇ ਕਿਹਾ ਤੇਰਾ ਕੰਮ ਸਿਰਫ਼ ਵਿਆਹ ਦੇ ਰੰਗ ਤਮਾਸ਼ਿਆ ਵਿਚ ਸ਼ਾਮਲ ਹੋਣਾ ਨਹੀਂ, ਅਸਲ ਕੰਮ ਉਥੇ ਆਏ ਸੰਬੰਧੀਆਂ, ਮਿੱਤਰਾਂ ਤੇ ਉਥੋਂ ਦੀ ਸੰਗਤ ਨੂੰ ਗੁਰੂ ਘਰ ਨਾਲ ਜੋੜਨਾਹੈ ਅ ਤੇਤ੍ਰਸੀਂਲ ਾਹੌਰਤੋਂਸ ਾਡੇ ਬੁਲਾਉਣ ਤੇ ਹੀ ਆਉਣਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਪਿਤਾ ਦੇ ਆਦੇਸ਼ ਦੀ ਪਾਲਣਾ ਕਰਦੇ ਹੋਏ ਤਨਦੇਹੀ ਨਾਲ ਲਾਹੌਰ ਵਿਖੇ ਵਿਆਹ ਕਾਰਜਾਂ ਤੋਂ ਵਿਹਲੇ ਹੋ ਕੇ ਸੰਗਤਾਂ-ਸੰਬੰਧੀਆਂ ਨੂੰ ਜਪੁਜੀ ਸਾਹਿਬ ਅਤੇ ਨਾਮ ਬਾਣੀ ਨਾਲ ਸਵੇਰੇ ਸ਼ਾਮ ਜੋੜ ਕੇ ਅਨੰਦ ਮਹਿਸੂਸ ਕਰਦੇ ਰਹੇ। ਪਰ ਆਪ ਲਈ ਗੁਰੂ ਜੀ ਤੋਂ ਇਕ ਪਲ ਵਿਛੋੜ ਅਸਿਹ ਸੀ ਅਤੇ ਵਿਆਕੁਲ ਰਹਿਣ ਲੱਗੇ। ਸ੍ਰੀ ਗੁਰੂ ਅਰਜਨ ਦੇਵ ਜੀ ਇਕ ਤੋਂ ਬਾਅਦ ਇਕ ਕਰਕੇ ਗੁਰਸਿੱਖ ਦੇ ਹੱਥ ਪਿਤਾ ਗੁਰੂ ਕੋਲ ਚਿੱਠੀ ਭੇਜਦੇ ਰਹੇ ਪ੍ਰੰਤੂ ਦੋ ਵਾਰ ਪ੍ਰਿਥੀ ਚੰਦ ਉਹ ਰੁਕੇ (ਚਿੱਠੀ) ਆਪ ਲੈ ਕੇ ਸ੍ਰੀ ਗੁਰੂ ਰਾਮਦਾਸ ਜੀ ਤੱਕ ਨਾ ਪਹੁੰਚਣ ਦਿੱਤੇ ਅਤੇ ਝੂਠਾ ਭਰੋਸਾ ਦੇ ਕੇ ਸਿੱਖ ਨੂੰ ਵਾਪਿਸ ਭੇਜਦਾ ਰਿਹਾ। ਇਨ੍ਹਾਂ ਦੋਵਾਂ ਚਿੱਠੀਆਂ ਵਿਚ ਲਿਖਿਆ ਸੀ **"ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥ ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨ ਦਰਸ਼ਨ ਸੰਤ ਪਿਆਰੇ ਜੀਉ॥ ਹਉ ਘੋਲੀ ਜੀਉ ਘੋਲਿ ਘੁਮਾਈ ਗੁਰੂ ਦਰਸ਼ਨ ਸੰਤ ਪਿਆਰੇ ਜੀਉ॥੧॥ ਤੇਰਾ ਮੁਖਿ ਸੁਹਾਵਾ ਜੀਉ ਸਹਜ ਧੁਨਿ ਬਾਣੀ॥ ਚਿਰ ਹੋਆ ਦੇਖੈ ਸਾਰਿੰਗ ਪਾਣੀ॥ ਧੰਨ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ॥ ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ॥੨॥"** ਗੁਰੂ ਅਰਜਨ ਦੇਵ ਜੀ ਨੇ ਤੀਸਰੀ ਚਿੱਠੀ ਦੇਣ ਵੇਲੇ ਸਿੱਖ ਨੂੰ ਬੁਲਾ ਕੇ



ਤਾਕੀਦ ਕੀਤੀ ਕਿ ਹਰ ਹਾਲਤ ਵਿਚ ਇਹ ਚਿੱਠੀ ਗੁਰੂ ਜੀ ਦੇ ਸਪੁਰਦ ਕਰਨੀ ਹੈ ਕਿਸੇ ਨੂੰ ਨਹੀਂ ਦੇਣੀ। ਗੁਰ ਕੇ ਚੱਕ (ਅੰਮ੍ਰਿਤਸਰ) ਪੁਜ ਕੇ ਉਸ ਨੇ ਉਚਿਤ ਸਮਾਂ ਵੇਖ ਕੇ ਗੁਰੂ ਜੀ ਨੂੰ ਮੱਥਾ ਟੇਕਦੇ ਹੋਏ ਤੇ ਚਿੱਠੀ ਸੌਂਪਦੇ ਹੋਏ ਬੇਨਤੀ ਕੀਤੀ "ਮਹਾਰਾਜ, ਅਰਜਨ ਦੇਵ ਜੀ ਨੇ ਆਪ ਜੀ ਤੋਂ ਆਦੇਸ਼ ਲਿਆਉਣਾ ਲਈ ਕਿਹਾ ਹੈ" ਕਹਿੰਦੇ ਹੋਏ ਸੰਗਤਾਂ ਵਿਚ ਬੈਠ ਗਿਆ। ਗੁਰੂ ਜੀ ਨੇ ਚਿੱਠੀ ਪੜ੍ਹੀ "**ਇਕ ਘੜੀ ਨ ਮਿਲਤੇ ਤਾ ਕਲਿਜੁਗ ਹੋਤਾ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥ ਮੋਹਿ ਰੈਣਿ ਨਾ ਵਿਹਾਵੈ ਨੀਂਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥ ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ॥੩॥**" ਗੁਰੂ ਰਾਮਦਾਸ ਜੀ ਨੇ ਚਿੱਠੀ ਪੜ੍ਹਨ ਉਪਰੰਤ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਵਸਥਾ ਸਮਝਦੇ ਹੋਏ ਬਾਬਾ ਬੁੱਢਾ ਜੀ ਨੂੰ ਬੇਨਤੀ ਕੀਤੀ ਕਿ ਲਾਹੌਰ ਜਾ ਕੇ ਅਰਜਨ ਦੇਵ ਨੂੰ ਲੈ ਕੇ ਆਉਣ। ਜਦੋਂ ਸ੍ਰੀ ਅਰਜਨ ਦੇਵ ਜੀ ਬਾਬਾ ਬੁੱਢਾ ਜੀ ਨਾਲ ਸ੍ਰੀ ਗੁਰੂ ਰਾਮਦਾਸ ਜੀ ਦੇ ਦੀਵਨ ਸਮੇਂ ਪੁੱਜੇ ਤਾਂ ਚਰਨਾਂ ਤੇ ਢਹਿ ਪਏ ਅਤੇ ਵੈਰਾਗ ਵਿਚ ਹੰਝੂਆਂ ਨਾਲ ਉਨ੍ਹਾਂ ਦੇ ਪੈਰ ਧੋ ਦਿੱਤੇ। ਗੁਰੂ ਪਿਤਾ ਜੀ ਨੇ ਗਲੇ ਨਾਲ ਲਾ ਲਿਆ। ਅਰਜਨ ਦੇਵ ਜੀ ਦਾ ਮਨ ਤਨ ਸੀਤਲ ਹੋ ਗਿਆ। ਗੁਰੂ ਅਰਜਨ ਦੇਵ ਜੀ ਦੇ ਪੁੱਛਣ ਤੇ ਪ੍ਰਿਥੀ ਚੰਦ ਦੇ ਚੋਲੇ ਵਿਚੋਂ ਪਹਿਲੀਆਂ ਦੋ ਪਤ੍ਰਿਕਾਵਾਂ ਮਿਲਣ ਤੇ ਜਦ ਗੁਰੂ ਜੀ ਨੇ ਤਿੰਨ ਚਿੱਠੀਆਂ ਨੂੰ ਇਕੱਠਿਆਂ ਪੜ੍ਹਿਆ ਤਾਂ ਸੰਗਤ ਵਿਚ ਬਾਬਾ ਬੁੱਢਾ ਜੀ ਨੇ ਅਰਜਨ ਦੇਵ ਦੀ ਬਿਬੇਕ ਬੁੱਧ, ਪ੍ਰਮਾਤਮਾ ਦੇ ਭਉ, ਭਾਉ ਵੈਰਾਗ ਅਤੇ ਸਹਿਜ ਅਵਸਥਾ ਨੂੰ ਜਾਂਚਦੇ ਹੋਏ ਕਿਹਾ ਕਿ ਅਰਜਨ ਦੇਵ ਜੀ ਹੀ ਗੁਰਗੱਦੀ ਸੰਭਾਲਣ ਦੇ ਯੋਗ ਹਨ। ਸੋ ਬਾਬਾ ਬੁੱਢਾ ਜੀ ਦੇ ਵਿਚਾਰ ਸੁਨਣ ਉਪਰੰਤ ਬਿਨਾਂ ਕਿਸੇ ਦੇਰ ਦੇ ਗੁਰ ਮਰਿਯਾਦਾ ਅਨੁਸਾਰ ਇਕ (1) ਸਤੰਬਰ 1581 ਈ. ਨੂੰ ਆਪ ਜੀ ਨੂੰ ਗੁਰਗੱਦੀ ਦੀ ਸੇਵਾ ਸੰਭਾਲ ਦਿੱਤੀ ਗਈ। ਉਸ ਸਮੇਂ ਆਪ ਜੀ ਦੀ ਉਮਰ 18 ਸਾਲ 4 ਮਹੀਨੇ ਦੀ ਸੀ। ਆਪਜੀ ਇਸ ਗੁਰਤਾਗੱਦੀ ਤੇ 30 ਮਈ, ਸੰਨ 1606 ਈ. ਤੱਕ ਬਿਰਾਜਮਾਨ ਰਹੇ। ਸ੍ਰੀ ਰਾਮਦਾਸ ਜੀ ਨੇ ਗੁਰਗੱਦੀ ਗੁਰੂ ਅਰਜਨ ਦੇਵ ਨੂੰ ਸੌਂਪਣ ਤੋਂ ਦੋ (2) ਦਿਨ ਬਾਅਦ 47 ਸਾਲ ਦੀ ਦੁਨਿਆਵੀ ਉਮਰ ਬਿਤਾਉਂਦਿਆਂ ਆਪਣਾ ਪੰਜ ਭੂਤਕ ਸਰੀਰ ਤਿਆਗ ਦਿੱਤਾ ਅਤੇ ਆਪਣੇ ਮੂਲ ਵਿਚ ਸਮਾ ਗਏ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਿਆਹ 01-07-1589 ਨੂੰ ਤਕਰੀਬਨ 26 ਸਾਲ ਦੀ ਉਮਰ ਵਿਚ ਤਹਿਸੀਲ ਫਿਲੌਰ ਦੇ ਮਊ ਪਿੰਡ ਨਿਵਾਸੀ ਸ੍ਰੀ ਕ੍ਰਿਸ਼ਨ ਚੰਦ ਜੀ ਦੀ ਸਪੁੱਤਰੀ ਮਾਤਾ ਗੰਗਾ ਜੀ ਨਾਲ ਹੋਇਆ ਅਤੇ ਇਸ ਸਮੇਂ ਸ਼ਾਨਦਾਰ ਯਾਦਗਾਰੀ ਗੁਰਦੁਆਰਾ ਅਤੇ ਗੁਰ ਅਰਜਨ ਦੇਵ ਜੀ ਦੁਆਰਾ ਲਗਾਇਆ ਖੂਹ ਉਥੇ ਹੈ। ਆਪ ਜੀ ਦੀ ਸੰਤਾਨ ਵਜੋਂ ਬਾਲਕ (ਗੁਰੂ) ਹਰਿਗੋਬਿੰਦ ਜੀ ਦਾ ਜਨਮ 19 ਜੂਨ 1595 ਨੂੰ ਗੁਰੂ ਕੀ ਵਡਾਲੀ ਵਿਖੇ ਹੋਇਆ। ਇਸ ਤਰ੍ਹਾਂ "**ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨ ਸੁਹਾਵਾ ਰਾਮ ਰਾਜੇ॥**"

ਭਾਈ ਗੁਰਦਾਸ ਜੀ ਦੀ ਬਾਣੀ ਨੂੰ ਵਿਦਵਾਨਾਂ ਵੱਲੋਂ '**ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ**' ਕਹਿ ਕੇ ਸਨਮਾਨਿਤ ਕੀਤਾ ਜਾਂਦਾ ਹੈ। ਭਾਈ ਗੁਰਦਾਸ ਜੀ ਰਿਸ਼ਤੇ ਵਜੋਂ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਲੱਗਦੇ ਸਨ। ਭਾਈ ਗੁਰਦਾਸ ਜੀ ਦੇ ਜਨਮ ਤੋਂ 3 ਸਾਲਾਂ ਬਾਅਦ ਇਹਨਾਂ ਦੀ ਮਾਤਾ ਅਤੇ 12 ਸਾਲਾਂ ਬਾਅਦ ਪਿਤਾ ਜੀ ਸਵਰਗ ਸਿਧਾਰ ਗਏ। ਭਾਈ ਗੁਰਦਾਸ ਜੀ ਨੂੰ



ਗੁਰ ਅਮਰਦਾਸ ਜੀ ਨੇ ਆਪਣੀ ਸ਼ਰਨ ਵਿਚ ਲੈ ਕੇ ਆਪਣੇ ਪ੍ਰਭਾਵ ਥੱਲੇ ਸਿੱਖੀ ਗ੍ਰਹਿਣ ਕਰਵਾਈ। ਭਾਈ ਗੁਰਦਾਸ ਜੀ ਦੀ ਵਿਦਵਤਾ ਵੇਖਦੇ ਹੋਏ ਗੁਰੂ ਜੀ ਨੇ ਆਪਜੀ ਨੂੰ ਸਿੱਖੀ ਦੇ ਪ੍ਰਚਾਰ ਲਈ ਆਗਰਾ, ਲਖਨਊ, ਬੁਰਹਾਨਪੁਰ ਤੇ ਰਾਜਸਥਾਨ ਭੇਜਿਆ ਜਿਸ ਕਾਰਨ ਉਹ ਕਾਫੀ ਸਮਾਂ ਪੰਜਾਬ ਤੋਂ ਬਾਹਰ ਰਹਿ ਕੇ ਸਿੱਖੀ ਸੇਵਾ ਵਿਚ ਜੁੱਟੇ ਰਹੇ। ਜਦ ਭਾਈ ਗੁਰਦਾਸ ਜੀ 1583 ਈ. ਦੇ ਅਰੰਭ ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਿੱਖ ਸੰਗਤਾਂ ਸਮੇਤ ਗੁਰੂ ਦਰਸ਼ਨ ਹਿੱਤ ਪੁੱਜੇ ਤਾਂ ਉਸ ਵੇਲੇ ਗੁਰ ਅਰਜਨ ਦੇਵ ਜੀ ਗੁਰਗੱਦੀ ਤੇ ਬਿਰਾਜਮਾਨ ਸਨ। ਪ੍ਰਿਥੀ ਚੰਦ ਦਾ ਦਸਵੰਧ ਮਾਇਆ ਤੇ ਕਬਜ਼ਾ ਦੇਖ ਕੇ ਅਤੇ ਗੁਰੂ ਦੇ ਲੰਗਰ ਅਤੇ ਹੋਰ ਕਾਰਜਾਂ ਦੀ ਅੰਦਰੂਨੀ ਆਰਥਿਕ ਸੰਕਟ ਕਾਰਣ ਭਾਈ ਗੁਰਦਾਸ ਜੀ ਨੇ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਅੰਮ੍ਰਿਤਸਰ ਤੋਂ ਬਾਹਰ ਟਿਕ ਕੇ ਹਰ ਆਉਣ ਵਾਲੇ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਬਾਰੇ ਦੱਸ ਪਾਈ ਅਤੇ ਪ੍ਰਿਥੀ ਚੰਦ ਦੀਆਂ ਸਾਜ਼ਿਸ਼ਾਂ ਦਾ ਪਰਦਾਫਾਸ਼ ਕੀਤਾ। ਇਸ ਤਰ੍ਹਾਂ ਗੁਰੂ ਘਰ ਦੇ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਣ ਲਈ ਦਸਵੰਦ ਦੀ ਮਰਿਯਾਦਾ ਜਾਰੀ ਰੱਖੀ।

ਸੰਨ 1588 ਈ., ਜਨਵਰੀ ਦੀ ਤਿੰਨ (ਮਾਘੀ ਵਾਲੇ ਦਿਨ) ਆਪਜੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਕੇਂਦਰ ਵਿਚ, ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਲਈ ਉਸ ਦੀ ਨੀਂਹ ਲਾਹੌਰ ਦੇ ਮੁਸਲਮਾਨ ਫਕੀਰ ਸਾਈਂ ਮੀਆਂ ਮੀਰ ਜੀ ਪਾਸੋਂ ਰਖਵਾਈ ਸੀ। "**ਸਭੈ ਸਾਂਝੀਵਾਲ ਸਦਾਇਣ ਕੋਇ ਨ ਦਿਸੈ ਬਾਹਿਰਾ ਜੀਓ**" ਦਾ ਉਪਦੇਸ਼ ਦਿੱਤਾ। ਸ੍ਰੀ ਹਰਿਮੰਦਰ ਸਾਹਿਬ ਸਮੁੱਚੀ ਮਾਨਵਤਾ ਲਈ ਹੈ ਅਤੇ ਜਿੱਥੇ ਰੱਬੀ ਬਾਣੀ ਜੋ ਧੁਰ ਦੀ ਬਾਣੀ ਹੈ, ਉਚਾਰੀ ਜਾ ਰਹੀ ਹੈ ਜਿਸ ਨਾਲ ਸਦੀਵੀ ਖੁਸ਼ੀ ਪ੍ਰਾਪਤ ਹੁੰਦੀ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਚਾਰੇ ਦਿਸ਼ਾਵਾਂ ਵੱਲ ਖੁਲ੍ਹਦੇ ਹਨ ਅਤੇ ਇਸ ਨੂੰ ਸਰਬ ਸਾਂਝਾ ਅਤੇ ਸਰਬ ਲੋਕਾਈ ਲਈ ਧਰਮ ਪਵਿੱਤਰ ਅਸਥਾਨ ਬਣਾ ਦਿੱਤਾ। ਇਸ ਦੇ ਨਾਲ ਹੀ ਗੁਰੂ ਜੀ ਨੇ ਸ਼ਹਿਰ ਨੂੰ ਆਰਥਿਕ ਤੌਰ 'ਤੇ ਮਜ਼ਬੂਤੀ ਪ੍ਰਦਾਨ ਕਰਨ ਲਈ ਸਾਰੀਆਂ ਮੁੱਢਲੀਆਂ ਤੇ ਭਵਨ ਨਿਰਮਾਣ ਦੀਆਂ ਸੇਵਾਵਾਂ ਮੁਹੱਈਆ ਕਰਾ ਦਿੱਤੀਆਂ। ਇਸੇ ਤਰ੍ਹਾਂ ਆਪ ਜੀ ਨੇ ਤਰਨਤਾਰਨ ਅਤੇ ਕਰਤਾਰਪੁਰ ਸ਼ਹਿਰ ਵਸਾਏ। ਤਰਨਤਾਰਨ ਵਿਖੇ ਕੋਹੜ ਦੇ ਰੋਗੀਆਂ ਲਈ ਵਿਸ਼ੇਸ਼ ਚਿਕਤਸ਼ਾਲਾ

ਸਥਾਪਤ ਕੀਤਾ। ਆਪ ਜੀ ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਸਰਹਾਲੀ ਤੇ ਖਾਨਪੁਰ ਤੱਕ ਗਏ। ਲਾਹੌਰ ਵਿਚ ਗੁਰਦੁਆਰਾ ਬਾਉਲੀ ਸਾਹਿਬ ਬਣਾਉਣ ਨਾਲ ਕਾਲ ਦੇ ਸਮੇਂ ਦਸਵੰਦ ਰਾਸ਼ੀ ਵਿਚੋਂ ਭੁੱਖ ਅਤੇ ਬਿਮਾਰੀਆਂ ਦੇ ਕਾਰਨ ਲੋਕਾਂ ਦੀ ਹਰ ਤਰ੍ਹਾਂ ਦੀ ਸਹਾਇਤਾ ਕੀਤੀ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਚਾਰ ਗੁਰੂ ਸਾਹਿਬਾਨਾਂ, ਭਗਤਾਂ, ਭੱਟਾਂ ਅਤੇ ਗੁਰਸਿੱਖਾਂ ਦੀ ਬਾਣੀ ਨੂੰ ਇਕੱਠਾ ਕਰਕੇ ਰਾਗਾਂ ਅਤੇ ਬਾਣੀਆਂ ਦੀ ਤਰਤੀਬ ਦੇ ਕੇ, ਭਾਈ ਗੁਰਦਾਸ ਜੀ ਪਾਸੋਂ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਕ ਬੀੜ ਲਿਖਵਾਈ। ਇਹ ਕਾਰਜ ਗੁਰੂ ਜੀ ਨੇ ਸੰਨ 1601 ਈ. ਵਿਚ ਸ਼ੁਰੂ ਕੀਤਾ ਜਿਹੜਾ ਸੰਨ 1604 ਈ. ਵਿਚ ਸੰਪੰਨ ਹੋਇਆ। ਇਸੇ ਅਸਥਾਨ ਤੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੱਜਕਲ੍ਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਬਹੁਤ ਸ਼ਰਧਾ ਅਤੇ ਸਤਿਕਾਰ ਸਹਿਤ ਛਾਪ ਕੇ ਤਿਆਰ ਕੀਤੇ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਜੀ ਦੀ ਸਭ ਤੋਂ ਵਧੇਰੇ ਬਾਣੀ ਦਰਜ ਹੈ ਜੋ ਕਿ 30 ਰਾਗਾਂ ਵਿਚ ਹੈ ਅਤੇ 2212 ਸ਼ਬਦ ਅਤੇ 6 ਵਾਰਾਂ ਹਨ। ਆਪ ਜੀ ਦੁਆਰਾ ਸ੍ਰੀ ਸੁਖਮਨੀ ਸਾਹਿਬ ਦੀ ਰਚਨਾ ਬਹੁਤ ਹੀ ਸਰਲ ਬਾਣੀ ਹੈ ਜੋ ਕਿ ਪਾਠ ਬਹੁਤ ਗੁਰਸਿੱਖਾਂ ਵੱਲੋਂ ਸਾਰੇ ਗੁਰੂ ਘਰਾਂ ਵਿਚ ਕੀਤਾ ਜਾਂਦਾ ਹੈ।

ਰਾਗ ਬਾਰਹਾਮਾਂਹ ਦੀ ਬਾਣੀ ਵੀ ਮਹੀਨਿਆਂ ਅਨੁਸਾਰ ਗੁਰ ਉਪਦੇਸ਼ ਦਿੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ 1604 ਈ. ਨੂੰ ਕੀਤਾ ਗਿਆ ਅਤੇ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਥਾਪਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਉਪਰੰਤ ਕੋਠਾ ਸਾਹਿਬ ਵਿਖੇ ਆਪ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਜੋਂ ਹੇਠਾਂ ਜ਼ਮੀਨ ਤੇ ਸੌਂਦੇ ਰਹੇ ਸਨ।

ਆਪ ਜੀ ਨੂੰ ਸ਼ਹੀਦਾਂ ਦੇ ਸਿਰਤਾਜ ਵਜੋਂ ਵੀ ਯਾਦ ਕੀਤਾ ਜਾਂਦਾ ਹੈ ਕਿਉਂਕਿ ਆਪਜੀ ਸਿੱਖ ਪੰਥ ਦੇ ਪਹਿਲੇ ਸ਼ਹੀਦ ਹਨ। ਆਪ ਜੀ ਦੀ ਸ਼ਹੀਦੀ ਦਾ ਅਸਲ ਕਾਰਨ ਨਕਸ਼ਬੰਦੀਆਂ ਦੀ ਚੁਕ-ਚੁਕਾਈ, ਸਿੱਖ ਧਰਮ ਦੇ ਅਜ਼ਾਦੀ ਦੇ ਉਪਦੇਸ਼ ਅਤੇ ਹੋਰ ਨਾਲ ਲੱਗਦੇ ਮੌਕੇ ਦੇ ਕਾਰਣ ਪ੍ਰਿਥੀ ਚੰਦ ਦੁਆਰਾ ਵਿਰੋਧ, ਚੰਦੂ ਦੀ ਦੁਸ਼ਮਣੀ, ਸਨਾਤਨੀਆਂ ਦੀ ਵਿਰੋਧਤਾ, ਗੁਰੂ ਜੀ ਦੁਆਰਾ ਖੁਸਰੋ ਦੀ ਮੱਦਦ ਕਰਨ ਦੀ ਆੜ ਕਹੇ ਜਾਂਦੇ ਸਨ ਪ੍ਰੰਤੂ ਜਹਾਂਗੀਰ ਵੱਲੋਂ ਮੁੱਖ ਦ੍ਰਿੜ ਕੱਟੜ ਪੰਥੀ ਅਤੇ ਹਕੂਮਤ ਨੂੰ ਖਤਰਾ ਮਹਿਸੂਸ ਕਰਨ ਕਰਕੇ ਜੋ ਕਿ ਉਸਨੇ ਆਪਣੀ ਸਵੈਜੀਵਨੀ **'ਤੋਜਕਿ-ਏ-ਜਹਾਂਗੀਰੀ'** ਵਿਚ ਸਿੱਖੀ ਵਿਰੋਧੀ ਲਿਖਿਆ ਹੈ) ਗੁਰੂ ਜੀ ਨੂੰ ਈਰਖਾ ਵੱਸ 26 ਮਈ 1606 ਈ. ਨੂੰ ਲਾਹੌਰ ਲਿਆਂਦਾ ਗਿਆ ਅਤੇ ਲਾਹੌਰ ਦੇ ਹਾਕਮ ਮੁਰਤਜਾ ਖਾਨ ਦੇ ਹਵਾਲੇ ਕਰ ਦਿੱਤਾ ਗਿਆ। ਉਸਨੇ ਚੰਦੂ ਨੂੰ ਇਸ ਕੰਮ ਲਈ ਲਗਾਇਆ ਜਿਸਨੇ ਆਪਣੀ ਧੀ ਦਾ ਰਿਸ਼ਤਾ ਗੁਰੂ ਜੀ ਵੱਲੋਂ ਨਾ ਸਵੀਕਾਰ ਕਰਨ ਕਰਕੇ ਰੰਜਿਸ਼ ਵੱਸ ਹੋ ਕੇ ਤੱਤੀ ਤਵੀ ਤੇ ਬੈਠਾ ਕੇ ਸਿਰ ਉਤੇ ਤੱਤੀ ਰੇਤ ਪਾਈ ਅਤੇ ਫਿਰ ਉਬਲਦੇ ਪਾਣੀ ਵਿਚ ਉਬਾਲਿਆ ਗਿਆ ਜਿਸ ਦੌਰਾਨ ਸਰੀਰ ਛਾਲੇ-



ਛਾਲੇ ਹੋ ਗਿਆ ਪ੍ਰੰਤੂ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਅਡੋਲ ਅਤੇ ਸ਼ਾਂਤ ਹੀ ਰਹੇ **"ਤੇਰਾ ਕੀਆ ਮੀਠਾ ਲਾਗੈ, ਹਰਿ ਨਾਮਿ ਪਦਾਰਥ ਨਾਨਕ ਮਾਂਗੈ॥"** ਉਪਰੰਤ ਗੁਰੂ ਜੀ ਦੇ ਨਿਰਬਲ ਸਰੀਰ ਨੂੰ ਦਰਿਆ ਰਾਵੀ ਕਿਨਾਰੇ ਲਿਜਾਇਆ ਗਿਆ। ਗੁਰੂ ਜੀ ਇਸ਼ਨਾਨ ਕਰਨ ਗਏ ਪਰ ਵਾਪਸ ਨਹੀਂ ਪਰਤੇ। ਪਰ ਗੁਰੂ ਜੀ ਮੁਤੱਸਬੀ ਹੁਕਮਰਾਨ ਅਤੇ ਉਸਦੇ ਮੁਤਸਬੀ ਅਹਿਲਕਾਰਾਂ ਅੱਗੇ ਨਾ ਝੁਕੇ ਅਤੇ ਬੇਅੰਤ ਤਸੀਹੇ ਅਤੇ ਸਰੀਰਕ ਯਾਤਨਾਵਾਂ ਸ਼ਾਂਤ ਚਿੱਤ ਹੋ ਕੇ ਸਹਾਰਦੇ ਹੋਏ 30-05-1606 ਨੂੰ ਲਾਹੌਰ ਵਿਚ ਸ਼ਹੀਦੀ ਦਾ ਜਾਮ ਪੀ ਕੇ ਜੋਤੀ-ਜੋਤ ਸਮਾ ਗਏ। ਉਸ ਸਮੇਂ ਆਪ ਜੀ ਦੀ ਸੰਸਾਰਿਕ ਆਯੂ 43 ਸਾਲ ਇਕ (1) ਮਹੀਨਾ ਤੇ 15 ਦਿਨ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਸਿੱਖ ਲਹਿਰ ਵਿਚ ਸੱਭਿਆਚਾਰਕ, ਰਾਜਨੀਤਕ ਇਨਕਲਾਬ, ਮਨੁੱਖੀ ਹੀਣਤਾ ਕਰਨ ਵਾਲੀ ਸਮੁੱਚੀ ਪ੍ਰਕਿਰਿਆ ਦਾ ਖੰਡਨ, ਮਨੁੱਖੀ ਸਮਾਨਤਾ, ਸੁਤੰਤਰਤਾ ਤੇ ਨਿਆਂ ਦੀ ਮਾਨਵੀ ਕੀਮਤਾਂ ਵਾਲੀ ਵੱਖਰੀ ਸ਼੍ਰੇਣੀ ਉਤਪੰਨ ਕਰਨ ਲਈ ਸੰਘਰਸ਼ ਨੂੰ ਅੱਗੇ ਤੋਰਦੇ ਹੋਏ **"ਜਉ ਤਉ ਪ੍ਰੇਮ ਖੇਲਨ ਕਾ ਚਾਉ॥ ਸਿਰ ਧਰਿ ਤਲੀ ਗਲੀ ਮੇਰੀ ਆਉ॥"** ਦੀ ਵੰਗਾਰ ਨੂੰ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਵੀ ਵਧਾਇਆ ਸੀ। ਇਹੀ ਵੰਗਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਪੰਜ ਪਿਆਰਿਆਂ ਵਿਚ ਸਿੱਖੀ ਪਰਪੱਕ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰੂ ਸ਼ਬਦ ਤੱਕ ਫੈਸਲਾਕੁੰਨ ਸਮਾਜ ਅਤੇ ਲੋਕਾਈ ਨੂੰ ਰਹਿੰਦੀ ਦੁਨੀਆਂ ਤੱਕ ਅਗਵਾਈ, ਦਿਸ਼ਾ ਨਿਰਦੇਸ਼ ਅਤੇ ਸਹਾਈ ਹੋ ਨਿਬੜੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਪਰਮਾਤਮਾ ਨਾਲ ਇੱਕਮਿਕ ਹੋਏ, ਰੱਬੀ ਰੰਗ ਵਿਚ ਆਭੇਦ, ਦੁਖੀਆਂ ਦੇ ਦਰਦੀ, ਮਹਾਨ ਤਪੱਸਵੀ, ਦੂਰਅੰਦੇਸ਼, ਕੌਮੀ ਉਸਰਈਏ, ਦਿੱਬ ਦ੍ਰਿਸ਼ਟੀ ਦੇ ਮਾਲਕ ਜੀ ਦੇ ਸ਼ਹੀਦੀ ਪੁਰਬ ਨੂੰ ਮਨਾਉਂਦੇ ਹੋਏ ਮਹਾਨ ਸ਼ਹੀਦੀ ਅਤੇ ਕੁਰਬਾਨੀ ਦੇ ਫਲਸਫੇ ਨੂੰ ਹਿਰਦਿਆਂ ਵਿਚ ਵਸਾ ਕੇ ਲੋਕਾਈ ਦੀ ਸੇਵਾ ਕਰੀਏ, ਅਨਿਆਂ ਖਿਲਾਫ ਸੰਘਰਸ਼ੀਲ ਹੋਈਏ, ਅਜੋਕੇ ਸਮੇਂ ਵਿਚ ਵਿਹਾਰ ਸੁਧਾਰ ਲਿਆਈਏ ਅਤੇ ਈਰਖਾ ਵੈਰ ਵਿਰੋਧ ਤੋਂ ਬੱਚ ਕੇ ਰਹੀਏ।

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਇਤਿਹਾਸਕ ਪੱਖ

**ਸ. ਬਲਦੇਵ ਸਿੰਘ ਪੀ.ਐਸ.ਐਸ.**

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਜਹਾਂਗੀਰ ਮੁਗਲ ਬਾਦਸ਼ਾਹ ਦੇ ਹੁਕਮ ਨਾਲ ਹੋਈ ਮਹਾਨ ਸ਼ਹਾਦਤ ਦੀ ਸੰਸਾਰ ਦੇ ਇਤਿਹਾਸ ਵਿਚ ਹੋਰ ਕੋਈ ਮਿਸਾਲ ਨਹੀਂ ਮਿਲਦੀ। ਸ਼ਾਂਤੀ ਦੇ ਪੁੰਜ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਚਨਹਾਰ, ਜਿਤਨੀ ਮਹਾਨ ਹਸਤੀ ਆਪ ਸਨ, ਉਤਨਾ ਹੀ ਵੱਡਾ ਪਰਿਵਰਤਨ ਉਨ੍ਹਾਂ ਦੀ ਸ਼ਹਾਦਤ ਦਾ ਭਾਰਤ ਦੇਸ਼ ਦੇ ਇਤਿਹਾਸ ਤੇ ਹੋਇਆ। ਯਜੀਦ ਫਿਆਜ ਮਹਮੂਦ "ਭਾਰਤ ਵਿਚ ਇਸਲਾਮ ਦਾ ਸੰਖੇਪ ਇਤਿਹਾਸ" ਦਾ ਕਰਤਾ ਦਸਦਾ ਹੈ, ਕਿ ਜਹਾਂਗੀਰ ਦੇ ਹੁਕਮ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਇਕ ਅਜਿਹੀ ਦੁਖਾਂਤ ਘਟਨਾ ਸੀ, ਜਿਸ ਉਪਰੰਤ ਸਿੱਖਾਂ ਦੀ ਇਕ ਧਾਰਮਿਕ ਜਥੇਬੰਦੀ, ਆਉਣ ਵਾਲੇ ਸਮੇਂ ਵਿਚ ਇਕ ਧਾਰਮਕ ਫੌਜੀ ਜਥੇਬੰਦੀ ਬਣਕੇ ਮੁਗਲ ਹਕੂਮਤ ਦੇ ਖਿਲਾਫ ਜਹੋਜਹਿਦ ਕਰਨ ਲਈ ਤੱਤਪਰ ਹੋ ਗਈ। ਉਨ੍ਹਾਂ ਵੱਲੋਂ ਹਕੂਮਤ ਦੇ ਖਿਲਾਫ ਜਹਾਦ ਜਾਰੀ ਰਿਹਾ। (ਅੰਤ ੧੬੬੫ ਈਸਵੀ) ਵਿਚ ਸਦੀਆਂ ਤੋਂ ਕਾਇਮ ਕੀਤੀ ਮੁਗਲਾਂ ਦੀ ਹਕੂਮਤ, ਜਮਨਾ ਤੋਂ ਲੈ ਕੇ ਭਾਰਤ ਦੇਸ਼ ਦੇ ਉੱਤਰ ਪੱਛਮ ਦੀ ਸਰਹੱਦ ਤੀਕ ਦੇ ਇਲਾਕੇ ਖੋਹ ਕੇ ਇਨ੍ਹਾਂ ਨੇ ਆਪਣੀ ਹਕੂਮਤ ਕਾਇਮ ਕਰ ਲੀਤੀ। ਇਸ ਦੁਰਘਟਨਾ ਤੋਂ ਪਹਿਲਾਂ ਹੀ ਭਾਰਤ ਵਿਚ ਸਦੀਆਂ ਤੋਂ ਕਾਇਮ ਹੋਏ ਮੁਸਲਮ ਰਾਜ ਵਿਚ ਬਹੁਤੇ ਹੁਕਮਰਾਨਾਂ ਨੇ ਨਿੱਜੀ ਰਾਜਨੀਤਕ ਲਾਭ ਉਠਾਉਣ ਲਈ ਇਸਲਾਮ ਧਰਮ ਦੀ ਉੱਚ ਦਰਜੇ ਦੇ ਅਸੂਲਾਂ ਤੋਂ ਉਲਟ ਫਿਰਕੂ ਨੀਤੀ ਅਪਨਾਈ ਅਤੇ ਭਾਰਤ ਦੀ ਵਸੋਂ ਵਿਚੋਂ ਉਨ੍ਹਾਂ ਨੂੰ ਸ਼ਹਿ ਦੇਣ ਲਈ ਸਵਾਰਥੀ ਲੋਕ ਮਿਲਦੇ ਰਹੇ ਸਨ।



ਸੰਸਾਰ ਦਾ ਪ੍ਰਸਿੱਧ ਮੁਗਲ ਸਮਰਾਟ ਅਕਬਰ ਜੋ ਸਰਬ ਧਰਮ ਸਾਂਝੀ ਨੀਤੀ ਤੇ ਚਲਦਾ ਸੀ, ਦੇ ੧੬੦੫ ਈਸਵੀ ਵਿਚ ਹੋਏ ਦਿਹਾਂਤ ਦੇ ਤੁਰੰਤ ਮਗਰੋਂ ਜਹਾਂਗੀਰ ਉਸ ਦੀ ਥਾਂ ਭਾਰਤ ਦਾ ਬਾਦਸ਼ਾਹ ਬਣਿਆ, ਇਸ ਦੇ ਨਾਲ ਹੀ ਹਾਲਾਤ ਨੇ ਅਜਿਹਾ ਪਲਟਾ ਖਾਧਾ ਕਿ ਕੁਝ ਹੀ ਮਹੀਨਿਆਂ ਅੰਦਰ, ਪਹਿਲਾਂ ਤੋਂ ਹੀ ਬਣੀ ਭੈੜੀ ਨੀਤੀ ਅਨੁਸਾਰ, ਜਹਾਂਗੀਰ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ "ਅਸਾ ਅਤੇ ਸੀਆਸਤ" ਦੇ ਕਾਨੂੰਨ ਅਧੀਨ ਮੌਤ ਦੀ ਸਜ਼ਾ ਦਾ ਹੁਕਮ ਦਿੱਤਾ।

ਇਸ ਇਤਿਹਾਸਕ ਦੁਰਘਟਨਾ ਦਾ ਪਿਛੋਕੜ ਜਾਨਣ ਲਈ, ਸਾਨੂੰ ਉਸ ਸਮੇਂ ਦੀ ਰਾਜਨੀਤੀ ਵਿਚ ਝਾਤ ਮਾਰਨ ਦੀ ਲੋੜ ਹੋਵੇਗੀ।

ਜਿਵੇਂ ਉਪਰ ਦਸਿਆ ਗਿਆ ਹੈ, ਅਤੇ ਭਾਰਤ ਦੇ ਪ੍ਰਸਿੱਧ ਮੁਸਲਮਾਨ ਵਿਦਵਾਨ ਉੱਚ ਕੋਟੀ ਦਾ ਮਹਾਂ ਪੁਰਸ਼, ਐਮ. ਮੁਜੀਬ, ਆਪਣੀ ਕਿਤਾਬ ਭਾਰਤ ਵਿਚ ਇਸਲਾਮ ਨੇ ਵੀ, ਇਸ ਗੱਲ ਦੀ ਪੁਸ਼ਟੀ ਕੀਤੀ ਹੈ, ਕਿ ਕੁਝ ਮੁਸਲਮਾਨ ਬਾਦਸ਼ਾਹਾਂ ਨੇ ਇਸਲਾਮ ਧਰਮ ਦੇ ਦੱਸੇ ਹੋਏ ਉੱਚੇ ਰਸਤੇ ਨੂੰ ਛੱਡ ਕੇ ਨਿੱਜੀ ਲਾਭ ਉਠਾਉਣ ਲਈ ਧਾਰਮਿਕ ਅਸੂਲਾਂ ਦੀ ਆਪਣੇ ਢੰਗ ਨਾਲ ਵਿਆਖਿਆ ਕਰਕੇ ਇਸ ਧਰਤੀ ਉੱਤੇ ਫਿਰਕੂ ਜ਼ਹਿਰ ਫੈਲਾਉਣ ਦਾ ਯਤਨ ਕੀਤਾ। ਐਮ. ਮੁਜੀਬ ਇਹ ਵੀ ਲਿਖਦੇ ਹਨ ਕਿ ਸਾਂਝੀਵਾਲਤਾ ਦਾ ਹਾਮੀ ਬਾਦਸ਼ਾਹ ਅਕਬਰ ਜੋ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਸੀ ਅਤੇ ਕੌਮੀ ਏਕਤਾ ਵਿਚ ਵਿਸ਼ਵਾਸ ਰੱਖਦਾ ਸੀ, ਆਪਣੀ ਹਕੂਮਤ ਦੇ ਲੰਬੇ ਸਮੇਂ ਵਿਚ ਇਸ ਫਿਰਕੂ ਜ਼ਹਿਰ ਨੂੰ ਖਤਮ ਕਰਨ ਦੀ ਬੜੀ ਭਾਰੀ ਕੋਸ਼ਿਸ਼ ਕੀਤੀ ਪਰ ਉਸ ਨੂੰ ਸਫਲਤਾ ਪ੍ਰਾਪਤ ਨਾ ਹੋਈ ਅਤੇ ਉਸ ਨੇ ਆਪਣੀ ਉਮਰ ਦੇ ਅਖੀਰਲੇ ਸਮੇਂ ਵਿਚ ਆਪਣੀ ਇਸ ਪੱਖ ਤੋਂ ਹਾਰ ਨੂੰ ਅਨੁਭਵ ਕਰ ਲੀਤਾ ਸੀ।

ਅਕਬਰ ਦੀ ਸਰਬ-ਧਰਮ ਸਾਂਝੀ ਪਾਲੀਸੀ ਦੀ ਨੀਤੀ ਨੂੰ ਕੁੱਝ ਸਵਾਰਥੀ ਮੁਸਲਮ ਆਗੂਆਂ ਨੇ ਪਸੰਦ ਨਹੀਂ ਕੀਤਾ ਸੀ। ਉਹ ਲੁਕ ਛਿਪ ਕੇ ਅਕਬਰ ਦੀ ਹਕੂਮਤ ਦਾ ਤਖ਼ਤਾ ਉਲਟਾਉਣ ਦੀ ਕੋਸ਼ਿਸ਼ ਕਰਦੇ ਰਹੇ। ਉਨ੍ਹਾਂ ਨੇ ਅਕਬਰ ਦੇ ਇਕੋ ਇਕ ਪੁੱਤਰ ਸਲੀਮ ਨੂੰ ਆਪਣੇ ਜਾਲ ਵਿਚ ਫਸਾ ਕੇ ਅਕਬਰ ਦੇ ਬਰਖਿਲਾਫ ਫੌਜੀ ਬਗਾਵਤ ਕਰਵਾਈ। ਪਰ ਉਸ ਨੂੰ ਸਫਲਤਾ ਨਾ ਹੋਈ। ਅਕਬਰ ਆਪਣੇ ਪੁੱਤਰ ਤੋਂ ਨਾਰਾਜ਼ ਸੀ। ਇਸ ਲਈ ਆਪਣੇ ਪੋਤਰੇ ਭਾਵ ਜਹਾਂਗੀਰ ਦੇ ਪੁਤਰ ਸ਼ਹਿਜ਼ਾਦਾ ਖੁਸਰੋ ਨੂੰ ਆਪਣਾ ਜਾਨਸ਼ੀਨ ਬਣਾਉਣਾ ਚਾਹੁੰਦਾ ਸੀ। ਸਲੀਮ ਨੇ ਆਪਣੇ ਪਿਤਾ ਅਕਬਰ ਨੂੰ ਸ਼ਾਹੀ ਹਕੀਮ ਰਾਹੀਂ ਜ਼ਹਿਰ ਦਿੱਤੀ ਅਤੇ ਅਕਬਰ ਦੇ ਮਨਪਸੰਦ ਵਿਦਵਾਨ ਅਬੁਲ ਫ਼ਜ਼ਲ ਨੂੰ ਜੋ ਕਿ ਦੀਨ ਅਲਾਹੀ ਨਵੇਂ ਸਿਰਜੇ ਸਰਵਸਾਂ ਤੇ ਧਰਮ ਦਾ ਥੰਮ੍ਹ ਸੀ, ਨੂੰ ਦੱਖਣ ਤੋਂ ਆਗਰੇ ਆਉਂਦੇ ਹੋਏ ਰਸਤੇ ਵਿਚ ਕਤਲ ਕਰਵਾ ਦਿੱਤਾ।

ਭਾਰਤ ਇਕ ਵੱਡਾ ਦੇਸ਼ ਹੈ ਜਿਸ ਵਿਚ ਭਿੰਨ-ਭਿੰਨ ਪ੍ਰਕਾਰ ਦੇ ਨਸਲੀ ਫਰਕ ਰੱਖਣ ਵਾਲੇ ਲੋਕ ਵਸਦੇ ਹਨ ਇਨ੍ਹਾਂ ਦੀ ਸਭਿਅਤਾ, ਬੋਲੀ, ਧਰਮ ਇਤਿਹਾਸ ਵੱਖਰੇ ਹਨ। ਇਸ ਦੇਸ਼ ਵਿਚ ਕਿਸੇ ਇਕ ਧਰਮ ਦਾ ਰਾਜ ਸਾਰੀ ਵਸੋਂ ਉੱਤੇ ਲਾਗੂ ਕਰਨਾ ਸੰਭਵ ਨਹੀਂ ਹੋ ਸਕਦਾ। ਜਦ ਵੀ ਕਿਸੇ ਸਮਰਾਟ ਨੇ ਭਾਵੇਂ ਉਹ ਕਿੱਡਾ ਵੀ ਤਾਕਤਵਰ ਹੋਇਆ, ਇਹ ਕੋਸ਼ਿਸ ਕੀਤੀ ਤਾਂ ਦੇਸ਼ ਵਿਚ ਖੂਨ ਖਰਾਬੇ ਹੋਏ ਅਤੇ ਬਰਬਾਦੀ ਹੋਈ। ਅਸੂਲੀ ਤੌਰ 'ਤੇ ਇਹ ਮੰਨੀ ਹੋਈ ਗੱਲ ਹੈ ਕਿ ਇਸ ਦੇਸ਼ ਵਿਚ ਅਜਿਹਾ ਵਾਤਾਵਰਣ ਹੋਣਾ ਜ਼ਰੂਰੀ ਹੈ। ਜਿਸ ਵਿਚ ਕਿ ਵੱਖੋ-ਵੱਖ ਨਸਲ, ਰੰਗ, ਸਭਿਅਤਾ ਅਤੇ ਧਰਮ ਨਾਲ ਸੰਬੰਧ ਰੱਖਣ ਵਾਲੇ ਲੋਕ ਆਪਸ ਵਿਚ ਇਕ-ਦੂਜੇ ਦੇ ਜਜ਼ਬਾਤ ਦਾ ਸਤਿਕਾਰ ਕਰਦੇ ਹੋਏ ਮਿਲ ਕੇ ਰਹਿ ਸਕਣ। ਆਦਿ ਤੋਂ ਹੀ ਰਾਜ ਪੱਧਰ 'ਤੇ ਸਰਕਾਰਾਂ ਅਤੇ ਹੁਕਮਰਾਨਾਂ ਨੂੰ ਇਹੀ ਕੌਮੀ ਏਕਤਾ ਦੀ ਨੀਤੀ ਅਪਨਾਉਣੀ ਚਾਹੀਦੀ ਸੀ।



ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਗੱਲ ਨੂੰ ਭਲੀ ਪ੍ਰਕਾਰ ਅਨੁਭਵ ਕੀਤਾ ਅਤੇ ਠੀਕ ਵਾਤਾਵਰਣ ਪੈਦਾ ਕਰਨ ਲਈ ਸਰਬ-ਸਾਂਝੇ ਧਰਮ ਸਿੱਖ ਧਰਮ ਦੀ ਸਿਰਜਨਾ ਅਰੰਭੀ ਜਿਸ ਅਨੁਸਾਰ ਵੱਖ-ਵੱਖ ਧਰਮ ਅਤੇ ਸਭਿਅਤਾ ਰੱਖਣ ਵਾਲੇ ਲੋਕ ਇਕ ਵਾਹਿਗੁਰੂ ਦੀ ਯਾਦ ਵਿਚ ਇਕੱਠੇ ਰਹਿ ਸਕਦੇ ਹਨ।

ਜ਼ਾਲਮ ਧਾਰਮਕ ਵਿਅਕਤੀ ਨਹੀਂ ਹੁੰਦਾ, ਉਹ ਕੇਵਲ ਆਪਣੇ ਸਵਾਰਥ ਲਈ ਧਰਮ ਦੀ ਆੜ ਲੈਂਦਾ ਹੈ। ਆਪਣੇ ਆਪ ਨੂੰ ਬਾਬਰ, ਜਹਾਂਗੀਰ, ਔਰੰਗਜ਼ੇਬ ਆਦਿ ਬਾਦਸ਼ਾਹਾਂ ਨੇ ਧਾਰਮਿਕ ਆਗੂ ਦੱਸਿਆ ਹੈ, ਪਰ ਅਸਲ ਵਿਚ ਆਪਣਾ ਸੁਆਰਥ ਪੂਰਾ ਕਰਦੇ ਸਨ। ਕਿਸੇ ਜ਼ਾਲਮ ਪੁਰਸ਼ ਦਾ ਕੋਈ ਧਰਮ ਹੋ ਹੀ ਨਹੀਂ ਸਕਦਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਬਾਣੀ ਵਿਚ ਐਮਨਾਬਾਦ ਵਿਖੇ ਇਸ ਮੁਗਲ ਹਮਲਾਵਰ ਵੱਲੋਂ ਜਨਤਾ ਤੇ ਕੀਤੇ ਜ਼ੁਲਮ ਦੀ ਦੁਖਾਂਤ ਤਸਵੀਰ ਦਸਦੇ ਹੋਏ ਇਹ ਲਿਖਿਆ ਹੈ ਕਿ ਜਿੱਥੇ ਹਿੰਦੂਆਂ ਤੇ ਜ਼ੁਲਮ ਹੋਏ ਉੱਥੇ ਨਾਲ ਹੀ ਮੁਸਲਮਾਨਾਂ ਉੱਤੇ ਵੀ ਅਜਿਹੇ ਅਤਿਆਚਾਰ ਹੋਏ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਲੰਮੇ ਸਮੇਂ ਵਿਚ ਇਸ ਨਿਰੰਕਾਰੀ ਜੋਤ ਨੇ ਪੰਜ ਜਾਮਿਆਂ ਵਿਚ ਆ ਕੇ ਸਿੱਖ ਧਰਮ ਦੇ ਮਹਾਨ ਅਸੂਲਾਂ ਦਾ ਪ੍ਰਚਾਰ ਕੀਤਾ ਅਤੇ ਹਿੰਦੂ ਤੇ ਮੁਸਲਮਾਨ ਭਾਰੀ ਗਿਣਤੀ ਵਿਚ ਗੁਰੂ ਸਾਹਿਬਾਨ ਦੇ ਸ਼ਰਧਾਲੂ ਹੋ ਗਏ, ਜਿਵੇਂ ਕਿ ਲਾਹੌਰ ਦੇ ਮਹਾਨ ਮੁਸਲਮਾਨ ਸੂਫੀ ਦਰਵੇਸ਼ ਹਜ਼ਰਤ ਮੀਆਂ ਮੀਰ ਆਦਿ ਜਿਨ੍ਹਾਂ ਤੋਂ ਪੰਜਵੇਂ ਪਾਤਸ਼ਾਹ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਨੀਂਹ ਪੱਥਰ ਰਖਵਾਇਆ ਸੀ, ਗੁਰੂ ਸਾਹਿਬ ਦੇ ਹਜ਼ੂਰ ਵਿਚ ਭਾਈ ਮਰਦਾਨਾ ਸੱਤਾ ਅਤੇ ਬਲਵੰਡ ਮੁਸਲਮਾਨ ਰਾਗੀ ਅਲਾਹੀ ਬਾਣੀ ਦਾ ਕੀਰਤਨ ਕਰਦੇ ਰਹੇ, ਅਨੇਕਾਂ ਹੋਰ ਮਿਸਾਲਾਂ ਵੀ ਦਿੱਤੀਆਂ ਜਾ ਸਕਦੀਆਂ ਹਨ।

ਫਿਰਕੂ ਨੀਤੀ ਰੱਖਣ ਵਾਲੇ ਮੁਸਲਮਾਨ ਜੋ ਅਕਬਰ ਦੇ ਰਾਜ ਦਾ ਪਲਟਾ ਕਰਨ ਦੀ ਸਾਜ਼ਸ਼ ਕਰਦੇ ਸਨ, ਉਨ੍ਹਾਂ ਨੂੰ ਗੁਰੂ ਸਾਹਿਬਾਨ ਦੀ ਇਹ ਪਾਲਿਸੀ ਨਹੀਂ ਭਾਉਂਦੀ ਸੀ, ਉਹ ਤਾਂ ਹਿੰਦੂਆਂ ਨੂੰ ਮੁਸਲਮਾਨ ਬਣਾਉਣਾ ਚਾਹੁੰਦੇ ਸਨ ਪਰ ਉਨ੍ਹਾਂ ਦੇ ਆਸ਼ੇ ਤੋਂ ਉਲਟ ਗੁਰੂ ਸਾਹਿਬ ਦੇ ਅਸਰ ਹੇਠ ਮੁਸਲਮਾਨ ਹੀ ਭਾਰੀ ਗਿਣਤੀ ਵਿਚ ਇਸਲਾਮ ਦੇ ਪੈਰੋਕਾਰ ਰਹਿੰਦੇ ਹੋਏ ਵੀ ਗੁਰੂ ਸਾਹਿਬ ਤੇ ਸ਼ਰਧਾ ਰੱਖਦੇ ਸਨ ਅਤੇ ਦੂਜੇ ਧਰਮਾਂ ਦਾ ਸਤਿਕਾਰ ਕਰਦੇ ਸਨ।

ਸੋਲ੍ਹਵੀਂ ਸਦੀ ਵਿਚ ਭਾਰਤ ਵਿਚ ਗ਼ੈਰ ਮੁਸਲਮਾਨਾਂ ਦੀ ਜੇ ਕੋਈ ਚੰਗੇ ਪ੍ਰਬੰਧ ਵਾਲੀ ਧਾਰਮਿਕ ਸੰਸਥਾ ਸੀ ਤਾਂ ਉਹ ਕੇਵਲ ਸਿੱਖ ਗੁਰੂ-ਗੱਦੀ ਹੀ ਸੀ ਜਿੱਥੋਂ ਕਿ ਸਾਰੀ ਮਨੁੱਖ ਜਾਤੀ ਨੂੰ ਮਾਨਸਕ ਸ਼ਾਂਤੀ ਪ੍ਰਾਪਤ ਹੁੰਦੀ ਸੀ ਅਤੇ ਜੀਵਨ ਪ੍ਰਕਾਸ਼ ਮਿਲਦਾ ਸੀ। ਉਸ ਸਮੇਂ ਦਾ ਮਸ਼ਹੂਰ ਇਤਿਹਾਸਕਾਰ ਮੋਹਸਿਨ ਫਾਨੀ ਕਰਤਾ 'ਦਬਿਸਤਾਨੇ ਮਜ਼ਾਹਿਬ' ਜੋ ਕਿ ਮੱਧ ਕਾਲ ਦੇ ਇਤਿਹਾਸ ਦਾ ਬਹੁਮੁੱਲੀ ਦਸਤਾਵੇਜ਼ ਹੈ, ਲਿਖਦਾ ਹੈ ਕਿ ਭਾਰਤ ਦੇਸ਼ ਵਿਚ ਉਸ ਵੇਲੇ ੨੨ ਪ੍ਰਾਂਤ ਸਨ ਅਤੇ ਇਨ੍ਹਾਂ ਸਾਰੇ ਪ੍ਰਾਂਤਾਂ ਵਿਚ ਸਿੱਖ ਗੁਰੂ ਸਾਹਿਬਾਨ ਨੇ ਸਿੱਖ ਧਰਮ ਦੇ ਪ੍ਰਚਾਰ ਲਈ ੨੨ ਕੇਂਦਰ ਖੋਲ੍ਹੇ ਹੋਏ ਸਨ। ਗੁਰੂ ਗੱਦੀ ਨੂੰ ਸਿੱਖ ਸੇਵਕਾਂ ਵੱਲੋਂ ਇਨ੍ਹਾਂ ਪ੍ਰਾਂਤਕ ਧਾਰਮਿਕ ਅਧਿਕਾਰੀਆਂ ਵੱਲੋਂ ਜਿਸ ਨੂੰ ਮਸੰਦ ਕਿਹਾ ਜਾਂਦਾ ਸੀ ਲਗਾਤਾਰ ਦਸਵੰਧ ਵਜੋਂ ਪੇਸ਼ ਕੀਤੀ ਰਕਮ ਆਉਂਦੀ ਸੀ। ਉਹ ਇਹ ਵੀ ਲਿਖਦਾ ਹੈ ਕਿ ਸਿੱਖ ਧਰਮ ਵਿਚ ਚੰਗੇ ਧਰਮ ਵਾਲੀਆਂ ਸਾਰੀਆਂ ਚੰਗਿਆਈਆਂ ਹਨ। ਇਹ ਇਕ ਵਾਹਿਗੁਰੂ ਨੂੰ ਮੰਨਦੇ ਸਨ ਅਤੇ ਹਿੰਦੂਆਂ ਵਾਲੀਆਂ ਨੀਤੀਆਂ ਤੇ ਨਹੀਂ ਚਲਦੇ। ਇਸ ਦੇ ਗੁਰੂ ਸਾਹਿਬਾਨ ਆਪਣੇ ਆਪ ਨੂੰ ਨਿਰੰਕਾਰ ਦੀ ਜੋਤ ਮੰਨਦੇ ਹੋਏ ਆਪਣੇ ਆਪ ਨੂੰ ਨਾਨਕ ਦਾ ਸਰੂਪ ਹੀ ਮੰਨਦੇ ਸਨ। ਉਹ ਲਿਖਦਾ ਹੈ ਕਿ ਗੁਰੂ ਹਰਗੋਬਿੰਦ ਛੇਵੇਂ ਪਾਤਸ਼ਾਹ ਜੋ ਉਸ ਦੇ ਮਿੱਤਰ ਸਨ, ਨੇ ਆਪਣੀ ਚਿੱਠੀ ਵਿਚ ਆਪਣੇ ਆਪ ਨੂੰ ਛੇਵਾਂ ਨਾਨਕ ਲਿਖਿਆ ਸੀ।

ਸ਼ੇਖ ਅਹਿਮਦ ਸਰਹੰਦੀ ਜੋ ਉਸ ਸਮੇਂ ਦੇ ਕੱਟੜ ਮੁਸਲਮਾਨ ਫਿਰਕੇ ਦਾ ਵੱਡਾ ਆਗੂ ਸੀ ਅਤੇ ਉੱਚ ਕੋਟੀ ਦਾ ਵਿਦਵਾਨ ਸੀ, (ਚਿੱਠੀ ਨੰਬਰ-੧, ੩ ਅਕਤੂਬਰ ੧-ਐ ਪੰਨਾ ੯੫-੬" ਜੋ ਡਾਕਟਰ ਗੰਡਾ ਸਿੰਘ ਨੇ ਆਪਣੀ "ਗੁਰੂ ਅਰਜਨ ਦੀ ਸ਼ਹਾਦਤ (ਅੰਗਰੇਜ਼ੀ)" ਵਿਚ ਛਾਪੀ ਹੈ) ਦੇ ਸੋਚਣ ਅਨੁਸਾਰ ਇਸ ਦੇਸ਼ ਵਿਚ 'ਸਿਰਕ' ਵਸੋਂ ਦਾ ਸਭ ਤੋਂ ਵੱਡਾ ਆਗੂ ਸ੍ਰੀ ਗੁਰੂ ਅਰਜਨ ਦੇਵ ਹੀ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹੋਂਦ ਇਸ ਫਿਰਕਾਪ੍ਰਸਤ ਵਿਦਵਾਨ ਜਿਸ ਦਾ ਰਾਜ ਦਰਬਾਰ ਵਿਚ ਉਸ ਸਮੇਂ ਪੂਰਾ ਅਸਰ ਸੀ ਦੇ ਦਿਲ ਵਿਚ ਇਕ ਫੋੜਾ ਬਣ ਕੇ ਰੜਕਦੀ ਸੀ, ਇਸ ਤੋਂ ਪਹਿਲਾਂ ਫਿਰਕੂ ਰੁਚੀ ਰੱਖਣ ਵਾਲੇ ਮੁਸਲਮਾਨਾਂ ਨੂੰ ਸੰਗਠਨ ਕਰਨ ਹਿੱਤ ਇਕ ਹੋਰ ਵਿਦਵਾਨ ਵਿਅਕਤੀ ਹਜ਼ਰਤ ਬਅਕੀ ਬਿਐਲਾ ਭਾਰਤ ਦੇਸ਼ ਵਿਚ ਇਸਲਾਮ ਦੇ ਪ੍ਰਚਾਰ ਹਿੱਤ ਆਇਆ ਹੋਇਆ ਸੀ ੧੫੯੩ ਈਸਵੀ ਵਿਚ ਇਸ ਨੇ ਮੁਸਲਮਾਨਾ ਦੀ ਇਕ ਧਾਰਮਿਕ ਸੰਸਥਾ ਨਕਸਬੰਦੀ ਨਾਉਂ ਹੇਠ ਲਾਉਣਾ ਸੀ, ਉਥੇ ਨਾਲ ਹੀ ਮੁਗਲ ਹਕੂਮਤ ਵਿਚ ਆਏ ਮੁਸਲਮਾਨ ਕਰਮਚਾਰੀਆਂ ਅਤੇ ਖਾਸ ਕਰਕੇ ਉੱਚੇ ਪੱਧਰ ਦੇ ਅਧਿਕਾਰੀਆਂ ਨੂੰ ਫਿਰਕੂ ਮੁਸਲਮ ਰਾਜ ਕਾਇਮ ਕਰਨ ਹਿਤ ਰਾਜ ਪਲਟਾ ਕਰਨ ਲਈ ਆਪਣੇ ਨਾਲ ਜੋੜਨਾ ਸੀ। ਇਹ ਇਕ ਰਾਜਨੀਤਕ, ਸਾਜ਼ਿਸ਼ ਕਰਨ ਵਾਲੀ ਸੰਸਥਾ ਸੀ। ਇਸ ਸੰਸਥਾ ਨੇ ਇਤਿਹਾਸ ਵਿਚ ਮਹੱਤਵਪੂਰਨ ਕੰਮ ਕੀਤਾ। ਬਾਦਸ਼ਾਹ ਅਕਬਰ ਜੋ ਸਰਵ ਧਰਮ ਸਾਂਝੀ ਰਾਜਨੀਤੀ ਤੇ ਵਿਸ਼ਵਾਸ ਰੱਖਦਾ ਸੀ ਅਤੇ ਇਸ ਨੂੰ ਚਾਲੂ ਕਰਨ ਲਈ ਸਰਕਾਰ ਪੱਧਰ 'ਤੇ ਹਰ ਉਪਰਾਲਾ ਕਰਦਾ ਸੀ, ਦੇ ਨਿੱਜੀ ਵਿਸ਼ਵਾਸ ਪਾਤਰ ਉਚੇ ਦਰਜੇ ਦੇ ਅਧਿਕਾਰੀਆਂ ਵਿਚ ਇਸ ਸੰਸਥਾ ਨੇ ਆਪਣਾ ਜਸੂਸੀ ਜਾਲ ਵਛਾਉਣ ਵਿਚ ਸਫਲਤਾ ਕਾਇਮ ਕਰ ਲਿੱਤੀ ਸੀ। ਬਾਦਸ਼ਾਹ ਦਾ ਇਕਲੌਤਾ ਪੁਤਰ ਸਲੀਮ ਜੋ ਉਂਜ ਹਿੰਦੂ ਰਾਜਪੂਤ ਮਾਂ ਦੀ

ਕੁੱਖ ਤੋਂ ਪੈਦਾ ਹੋਇਆ ਸੀ ਇਸ ਫਿਰਕੂ ਸੰਸਥਾ ਵਿਚ ਸ਼ਾਮਲ ਹੋ ਚੁਕਿਆ ਸੀ। ਸ਼ੇਖ ਫਰੀਦ ਬਖਾਰੀ ਜੋ ਅਕਬਰ ਦਾ ਦਿਲ ਪਸੰਦ ਜਰਨੈਲ ਸੀ ਉਸਦੀ ਆਪਣੀ ਅੰਗ ਰਖਸ਼ੱਕ ਫੌਜ ਦਾ ਜਰਨੈਲ, ਜਿਸ ਨੂੰ ਉਹ ਹਰ ਵੇਲੇ ਆਪਣੇ ਨਾਲ ਰੱਖਦਾ ਸੀ ਤੇ ਇਸੇ ਸੰਸਥਾ ਦਾ ਉਚ ਕੋਟੀ ਦਾ ਮੈਂਬਰ ਸੀ। ਇਸੇ ਸ਼ੇਖ ਫਰੀਦ ਬੁਖਾਰੀ ਨੇ ਜਹਾਂਗੀਰ ਨੂੰ, ਜਦ ਕਿ ਉਸ ਨੇ ਅਕਬਰ ਨੂੰ ਸ਼ਾਹੀ ਹਕੀਮ ਰਾਹੀਂ ਜ਼ਹਿਰ ਦਿੱਤੀ ਤੇ ਮਗਰੋਂ ਅਬਦੁਲ ਫ਼ਜ਼ਲ ਨੂੰ ਕਤਲ ਕਰਵਾਇਆ, ਦੋਵੇਂ ਜ਼ੁਰਮਾਂ ਤੋਂ ਅਕਬਰ ਬਾਦਸ਼ਾਹ ਤੋਂ ਮੁਆਫੀ ਦਵਾਈ। ਇਸੇ ਸ਼ੇਖ ਫਰੀਦ ਬੁਖਾਰੀ ਨੇ ਅਕਬਰ ਦੀ ਮੌਤ ਤੋਂ ਮਗਰੋਂ ਤੁਰੰਤ ਜਹਾਂਗੀਰ ਨੂੰ ਗੱਦੀ ਤੇ ਬਿਠਾਇਆ। ਇਸ ਉਪਰੰਤ ਸੂਬੇ ਪੰਜਾਬ ਦਾ ਗਵਰਨਰ ਬਣਿਆ ਅਤੇ ਇਸ ਨੇ ਹੀ ਸ੍ਰੀ ਗੁਰੂ ਅਰਜਨ ਦੇਵ ਨੂੰ ਜਹਾਂਗੀਰ ਪਾਤਸ਼ਾਹ ਦੀ ਪਹਿਲੋਂ ਬਣੀ ਨੀਤੀ ਅਨੁਸਾਰ ਜਾਰੀ ਕੀਤੇ ਮੌਤ ਦੀ ਸਜਾ ਦੇਣ ਦੇ ਹੁਕਮ ਦੀ ਪਾਲਣਾ ਕੀਤੀ।

ਨਕਸ਼ਬੰਦੀ ਤਹਿਰੀਕ ਦੇ ਆਗੂ ਹਜ਼ਰਤ ਬਅਕੀ ਬਿਅੱਲਾ ਦੇ ੧੬੦੩ ਈਸਵੀ ਵਿਚ ਦਿਹਾਂਤ ਹੋਣ ਉਪਰੰਤ ਹਜ਼ਰਤ ਸ਼ੇਖ ਅਹਿਮਦ ਫਾਰੂਕੀ ਮਜੱਦਦ ਅਲਫ-ਸਾਨੀ ਸਰਹੰਦੀ ਇਸ ਸੰਸਥਾ ਦਾ ਆਗੂ ਬਣਿਆ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਇਹ ਇਕ ਉੱਚ ਕੋਟੀ ਦਾ ਵਿਦਵਾਨ ਸੀ ਪਰ ਇਸ ਦੀ ਵਿਚਾਰਧਾਰਾ ਫਿਰਕੂ ਸੀ ਅਤੇ ਇਸ ਦੀ ਸਾਰੀ ਵਿਦਵਤਾ ਇਸੇ ਆਹਰ ਵਿਚ ਲੱਗੀ ਰਹੀ। ਇਸ ਦੇ ਵਿਦਵਤਾ ਭਰੇ ਫਿਰਕੂ ਰੰਗ ਵਿਚ ਰੰਗੇ ਇਤਿਹਾਸਕ ਲੇਖ ਅਤੇ ਚਿੱਠੀਆਂ 'ਮਜਦੱਦ ਅਲਫ-ਸਾਨੀ ਮਕਤੂਬਾਤੇ ਅਮਾਮੇ ਰਬਾਨੀ' ਕਿਤਾਬ ਵਿਚ ਪੜ੍ਹੇ ਜਾ ਸਕਦੇ ਹਨ।



ਬਾਦਸ਼ਾਹ ਅਕਬਰ ਸਿੱਖ ਗੁਰੂ ਸਾਹਿਬ ਦਾ ਸ਼ਰਧਾਲੂ ਸੀ। ਉਹ ਸ੍ਰੀ ਗੁਰੂ ਅਮਰ ਦਾਸ ਜੀ ਦੀ ਸੇਵਾ ਵਿਚ ਦਰਸ਼ਨਾਂ ਲਈ ਹਾਜ਼ਰ ਹੋਇਆ ਅਤੇ ਗੁਰੂ ਆਸ਼ੇ ਅਨੁਸਾਰ ਪੰਗਤ ਵਿਚ ਬੈਠ ਕੇ, ਇਸ ਨੇ ਛੋਟੇ-ਵੱਡੇ ਦਾ ਵਿਤਕਰਾ ਛਡਦੇ ਹੋਏ, ਗੁਰੂ ਲੰਗਰ ਛਕਿਆ। ਅਕਬਰ ਨੇ ਸ੍ਰੀ ਅੰਮ੍ਰਿਤਸਰ ਸ਼ਹਿਰ ਵਸਾਉਣ ਲਈ ੫੦੦ ਵਿਘੇ ਜ਼ਮੀਨ ਗੁਰੂ ਸਾਹਿਬ ਨੂੰ ਦਿੱਤੀ। ਗੁਰੂ ਅਮਰਦਾਸ ਜੀ ਦੀ ਸਿਫਾਰਸ਼ ਤੇ ਲਗਿਆ ਹੋਇਆ ਜਜ਼ੀਆ ਮੁਆਫ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਖਿਲਾਫ ਉਨ੍ਹਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਈਰਖਾ ਵਜੋਂ ਤੂਫਾਨ ਖੜਾ ਕੀਤਾ ਹੋਇਆ ਸੀ, ਹਰ ਪੱਖ ਤੋਂ ਉਹ ਗੁਰੂ ਸਾਹਿਬ ਨੂੰ ਤੰਗ ਕਰਦਾ ਸੀ। ਸ੍ਰੀ ਗੁਰੂ ਰਾਮਦਾਸ ਜੀ ਦੇ ਵੇਲੇ ਤੋਂ ਹੀ ਉਸਦੀ ਕੁਟਲ ਨੀਤੀ ਪ੍ਰਗਟ ਹੋ ਚੁੱਕੀ ਸੀ। ਉਸਨੇ ਗੁਰੂ ਪੰਜਵੇਂ ਪਾਤਸ਼ਾਹ ਦੇ ਖਿਲਾਫ ਰਾਜ ਦਰਬਾਰ ਵਿਚ ਅਨੇਕਾਂ ਪ੍ਰਕਾਰ ਦੀਆਂ ਸ਼ਿਕਾਇਤਾਂ ਕੀਤੀਆਂ। ਅਕਬਰ ਨੇ ਇਨ੍ਹਾਂ ਸ਼ਿਕਾਇਤਾਂ ਦੀ ਜਾਂਚ ਪੜਤਾਲ ਨਿੱਜੀ ਤੌਰ 'ਤੇ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਮੁਲਾਕਾਤ ਉਪਰੰਤ ਇਨ੍ਹਾਂ ਸਾਰੀਆਂ ਸ਼ਿਕਾਇਤਾਂ ਨੂੰ ਉਸ ਨੇ ਝੂਠੀਆਂ ਕਰਾਰ ਦਿੱਤਾ ਅਤੇ ਜਦ ਪੰਜਾਬ ਵਿਚ ਕਾਲ ਪਿਆ ਹੋਇਆ ਸੀ, ਗੁਰੂ ਸਾਹਿਬ ਦੀ ਸਿਫਾਰਸ਼ ਤੇ ਕਾਲ ਸਮੇਂ ਵਿਚ ਕਿਰਸਾਨਾਂ ਦਾ ਮੁਆਮਲਾ ਮੁਆਫ ਕੀਤਾ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਬਾਣੀ ਤੋਂ ਕਈ ਵਾਰ ਸੰਕੇਤ ਮਿਲਦਾ ਹੈ, ਕਿ ਉਨ੍ਹਾਂ ਦੇ ਖਿਲਾਫ ਨਿੰਦਕਾਂ ਨੇ ਰਾਜ ਦਰਬਾਰ ਵਿਚ ਸ਼ਿਕਾਇਤਾਂ ਕੀਤੀਆਂ, ਜੋ ਵਾਹਿਗੁਰੂ ਦੀ ਕਿਰਪਾ ਦੇ ਨਾਲ ਝੂਠੀਆਂ ਸਾਬਤ ਹੋਈਆਂ। ਸੁਲਹੀ ਖਾਨ ਪੱਟੀ ਦੇ ਹਾਕਮ ਨੂੰ ਨਿੰਦਕਾਂ ਨੇ ਸ਼ਿਕਾਇਤ ਕਰਕੇ ਗੁਰੂ ਸਾਹਿਬ ਨੂੰ ਤੰਗ ਕਰਨ ਲਈ ਪ੍ਰੇਰਿਆ ਪਰ ਵਾਹਿਗੁਰੂ ਦੀ ਕਿਰਪਾ ਨਾਲ ਸੁਲਹੀ ਖਾਨ ਆਪ ਹੀ ਅੱਗ ਵਿਚ ਜਲ ਕੇ ਮਰ ਗਿਆ। ਪੰਜਵੇਂ ਪਾਤਸ਼ਾਹ ਇਸ ਨੂੰ ਵਾਹਿਗੁਰੂ ਦੀ ਕਿਰਪਾ ਮਨਦੇ ਹਨ 'ਸੁਲਹੀ ਤੇ ਨਾਰਾਇਣ ਰਾਖੁ॥ ... ਸੁਲਹੀ ਹੋਇ ਮੂਆ ਨਾਪਾਕੁ' ਪੰਜਵੇਂ ਪਾਤਸ਼ਾਹ ਦੇ ਇਕਲੌਤੇ ਪੁੱਤਰ ਬਾਲਕ ਹਰਗੋਬਿੰਦ ਨੂੰ ਪ੍ਰਿਥੀ ਚੰਦ ਵੱਲੋਂ ਮਾਰਨ ਵਾਸਤੇ ਜ਼ਹਿਰ ਦਿੱਤੀ ਗਈ, ਵਾਹਿਗੁਰੂ ਨੇ ਆਪ ਹੱਥ ਦੇ ਕੇ ਬਾਲਕ ਹਰਗੋਬਿੰਦ ਨੂੰ ਜੀਉਂਦਾ ਰੱਖਿਆ। ਇਨ੍ਹਾਂ ਇਤਿਹਾਸਕ ਘਟਨਾਵਾਂ ਤੋਂ ਇਹ ਭਲੀ ਪ੍ਰਕਾਰ ਸਿੱਧ ਹੁੰਦਾ ਹੈ ਕਿ ਨਿੰਦਕਾਂ ਦੀ ਇਸ ਟੋਲੀ ਨੇ, ਜਿੱਥੇ ਵੀ ਇਨ੍ਹਾਂ ਦਾ ਹੱਥ ਪਿਆ ਗੁਰੂ ਸਾਹਿਬ ਦੇ ਖਿਲਾਫ ਸਾਜ਼ਿਸ਼ ਕੀਤੀ ਅਤੇ ਸ਼ਿਕਾਇਤਾਂ ਕੀਤੀਆਂ। ਹੋ ਸਕਦਾ ਹੈ ਕਿ ਅਕਬਰ ਜੋ ਆਪ ਸੁਲਾਖੁਲ੍ਹ ਬਾਦਸ਼ਾਹ ਸੀ ਅਤੇ ਸਰਵ ਧਰਮ ਸਾਂਝੇ ਸਿੱਖ ਧਰਮ ਦੇ ਬਾਨੀ ਗੁਰੂ ਸਾਹਿਬਾਨ ਦਾ ਸਤਿਕਾਰ ਕਰਦਾ ਸੀ, ਕੋਲ ਨਿੰਦਕਾਂ ਦੀ ਜਦ ਦਾਲ ਨਾ ਗਲੀ ਤਾਂ ਅਕਬਰ ਦੇ ਖਿਲਾਫ ਫਿਰਕੂ ਮੁਸਲਮਾਨ ਆਗੂਆਂ ਦਾ ਟੋਲਾ ਜਿਸ ਵਿਚ ਕਿ ਜਹਾਂਗੀਰ ਵੀ ਸ਼ਾਮਿਲ ਸੀ, ਨੂੰ ਇਹ ਲੋਕ ਗੁਰੂ ਸਾਹਿਬ ਦੇ ਖਿਲਾਫ ਭੜਕਾਉਂਦੇ ਰਹੇ ਹੋਣ। ਜਹਾਂਗੀਰ ਆਪਣੀ ਜੀਵਨੀ ਲਿਖਤ "ਤੁਜ਼ਕੇ ਜਹਾਂਗੀਰੀ" ਦੇ ਪੰਨਾ ੩੫ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਲਿਖਦਾ ਹੋਇਆ ਦਸਦਾ ਹੈ ਕਿ ਇਸ ਸਮੇਂ ਤੋਂ ਪਹਿਲਾਂ ਹੀ ਉਸ ਨੇ ਗੁਰੂ ਸਾਹਿਬ ਦੀ ਕੁਫਰ ਦੀ ਦੁਕਾਨ ਬੰਦ ਕਰਾ ਕੇ ਇਸਲਾਮ ਦੇ ਦਾਇਰੇ ਵਿਚ ਲਿਆਉਣ ਦਾ, ਜਾਂ ਉਸਨੂੰ ਖਤਮ ਕਰਨ ਦਾ ਮਨ ਬਣਾਇਆ ਹੋਇਆ ਸੀ। ਅਜਿਹੀ ਭੈੜੀ ਨੀਤੀ ਅਪਣਾਉਣ ਤੋਂ ਪਹਿਲਾਂ ਉਸ ਨੂੰ ਕਿਸੇ ਨਾ ਕਿਸੇ ਪਾਸੋਂ ਗੁਰੂ ਸਾਹਿਬ ਦੇ ਖਿਲਾਫ ਸਾਜ਼ਸ਼ੀ ਲੋਕਾਂ ਨੇ ਜ਼ਰੂਰ ਨਿੰਦਿਆ ਕੀਤੀ ਹੋਣੀ ਹੈ।

ਬਾਦਸ਼ਾਹ ਅਕਬਰ ਦੀ ਮੌਤ ੧੭ ਅਕਤੂਬਰ ੧੬੦੫ ਈਸਵੀ ਨੂੰ ਹੋਈ। ਇਸ ਤੋਂ ਕੁਝ ਦਿਨ ਪਹਿਲਾਂ ਆਪਣਾ ਅੰਤ ਨੇੜੇ ਦੇਖ ਕੇ ਬਿਮਾਰੀ ਦੇ ਬਿਸਤਰ ਤੇ ਪਏ ਅਕਬਰ ਨੇ ਸਲੀਮ ਨੂੰ ਅਜਮੇਰ ਦਾ ਗਵਰਨਰ ਬਣਾਕੇ ਭੇਜਣ ਦਾ ਆਦੇਸ਼ ਦੇ ਦਿੱਤਾ। ਸ਼ੇਖ ਫਰੀਦ ਬੁਖਾਰੀ ਦੇ ਕਹਿਣ ਤੇ ਸਲੀਮ ਨੇ ਆਪਣੇ ਸਿਪਾਹੀ ਤੇ ਸਮਾਨ ਤਾਂ ਅਜਮੇਰ ਨੂੰ ਭੇਜ ਦਿੱਤਾ, ਪਰ ਆਪ ਉਹ ਆਗਰੇ ਵਿਚ ਹੀ ਰਿਹਾ। ਅਕਬਰ ਦੀ ਮੌਤ ਦੇ ਸਮੇਂ ਉਸ ਦੇ ਕੋਲ ਰਾਜਾ ਮਾਨ ਸਿੰਘ ਅਤੇ ਅਬਦੁਲ ਅਜੀਜ ਕੋਕਾ, ਖੁਸਰੋ ਦਾ ਸਹੁਰਾ ਮੌਜੂਦ ਸਨ। ਉਹ ਬਾਦਸ਼ਾਹ ਦੀ ਮੌਤ ਤੋਂ ਮਗਰੋਂ ਖੁਸਰੋ ਨੂੰ ਤਖ਼ਤ ਤੇ ਬਿਠਾਉਣ ਲਈ ਤਿਆਰੀ ਕਰੀ ਬੈਠੇ ਸਨ, ਪਰ ਸ਼ੇਖ ਫਰੀਦ ਬੁਖਾਰੀ ਜੋ ਅਕਬਰ ਦਾ ਜਰਨੈਲ ਸੀ ਅਤੇ ਅਕਬਰ ਦਾ ਅੰਗ ਰੱਖਿਸ਼ਕ ਹੋਣ ਦੇ ਨਾਤੇ ਭਾਰੀ ਗਿਣਤੀ ਵਿਚ ਫੌਜੀਆਂ ਨਾਲ ਕਿਲ੍ਹੇ ਤੇ ਮਜ਼ਬੂਤੀ ਨਾਲ ਕਾਬਜ਼ ਸੀ, ਨੇ ਉਨ੍ਹਾਂ ਦੀ ਸਕੀਮ ਤੇ ਪਾਣੀ

ਫੇਰ ਦਿੱਤਾ। ਠੀਕ ਸਮੇਂ ਤੇ ਉਹ ਖੁਫੀਆ ਤਰੀਕੇ ਨਾਲ ਲਾਲ ਕਿਲ੍ਹੇ ਦੇ ਖਿਜਰੀ ਦਰਵਾਜੇ ਤੋਂ ਲੰਘਦਾ ਹੋਇਆ ਸਲੀਮ ਦੇ ਘਰ ਗਿਆ ਅਤੇ ਉਸ ਨੂੰ ਗੱਦੀ ਤੇ ਬਿਠਾਉਣ ਦਾ ਇੰਤਜਾਮ ਮੁਕੰਮਲ ਦੱਸਦੇ ਹੋਏ ਮੁਬਾਰਕਬਾਦ ਦਿੱਤੀ। ਸਲੀਮ ਉਸ ਦੇ ਨਾਲ ਕਿਲ੍ਹੇ ਵਿਚ ਆਇਆ ਅਤੇ ਮੁਗਲ ਹਕੂਮਤ ਦੀ ਵਾਗਡੋਰ ਸੰਭਾਲ ਲੀਤੀ। ਰਾਜਾ ਮਾਨ ਸਿੰਘ ਅਤੇ ਅਬਦੁਲ ਅਜੀਜ਼ ਕੋਕੇ ਦੀਆਂ ਸਕੀਮਾਂ ਧਰੀਆਂ ਹੀ ਰਹਿ ਗਈਆਂ।

ਜਹਾਂਗੀਰ ਦੇ ਗੱਦੀ ਤੇ ਬੈਠ ਜਾਣ ਦੇ ਉਪਰੰਤ ਸ਼ੇਖ ਅਹਿਮਦ ਫਾਰੂਕੀ ਸਰਹੰਦੀ ਹਜ਼ਰਤ ਮਜੱਜਦ ਅਲਫ ਸਾਨੀ ਨੇ ਸ਼ੇਖ ਫਰੀਦ ਬੁਖਾਰੀ ਨੂੰ ਲਿਖਿਆ (ਚਿੱਠੀ ਨੰ. ੪੭ ਅਕਤੁਬਾਤ-ਏ-ਅਮਾਮ-ਰਬਾਨੀ ਜਿਲਦ ਇਕ ਭਾਗ ੨ ਪੰਨਾ ੨੨) ਅਕਬਰ ਜੋ ਇਸਲਾਮ ਨੂੰ ਸਭ ਤੋਂ ਉੱਚਾ ਨਹੀਂ ਮੰਨਦਾ ਸੀ ਦੀ ਮੌਤ ਤੇ ਉਸਦੀ ਥਾਂ ਗੱਦੀ ਉੱਤੇ ਬਾਦਸ਼ਾਹ ਇਸਲਾਮ (ਜਹਾਂਗੀਰ) ਦੇ ਬੈਠ ਜਾਣ ਦੀ ਖਬਰ ਲੋਕਾਂ ਸੁਣੀ ਤਾਂ ਪ੍ਰਸੰਨ ਹੋਏ। ਇਸਲਾਮ ਦੇ ਪੈਰੋਕਾਰਾਂ ਦਾ ਇਹ ਫਰਜ਼ ਹੋਵੇਗਾ ਕਿ ਉਹ ਇਸ (ਜਹਾਂਗੀਰ) ਬਾਦਸ਼ਾਹ ਨੂੰ ਇਸਲਾਮ ਤੇ ਕਾਨੂੰਨ ਅਨੁਸਾਰ ਮਜ਼ਬ ਫੈਲਾਉਣ ਵਿਚ ਸਹਿਯੋਗ ਦੇਣਗੇ।

ਇਸ ਚਿੱਠੀ ਤੋਂ ਸਾਫ ਪਤਾ ਲੱਗਦਾ ਹੈ ਕਿ ਜਹਾਂਗੀਰ ਮੁਗਲ ਹਕੂਮਤ ਦੀ ਗੱਦੀ 'ਤੇ ਕੇਵਲ ਸ਼ੇਖ ਫਰੀਦ ਬੁਖਾਰੀ ਜੋ ਹਜਰਤ ਮਜੱਜਦ ਅਲਫ-ਸਾਨੀ ਦਾ ਪੈਰੋਕਾਰ ਸੀ ਦੀ ਮਦਦ ਨਾਲ ਹੀ ਬੈਠਿਆ। ਇਸ ਤੋਂ ਪਹਿਲਾਂ ਜਿਵੇਂ ਕਿ ਡਾ. ਬੈਨੀ ਪ੍ਰਸਾਦ ਨੇ ਹਿਸਟਰੀ ਆਫ ਜਹਾਂਗੀਰ ਕਿਤਾਬ ਦੇ ਪੰਨਾ ੫੧, ੬੧ ਅਤੇ ਸਮਿੱਥ ਨੇ ਆਪਣੀ ਕਿਤਾਬ ਅਕਬਰ ਦੀ ਗਰੇਟ ਵਿਚ ਲਿਖਿਆ ਹੈ, ਸਲੀਮ ਜੋ ਪਹਿਲਾਂ ਹੀ ਫਿਰਕੂ ਧੜੇ ਦੀ ਮੁਸਲਮ ਆਗੂਆਂ ਨਾਲ ਮਿਲ ਕੇ ਤਖ਼ਤ ਤੇ ਬੈਠ ਜਾਣ ਉਪਰੰਤ ਉਨ੍ਹਾਂ ਦੀ ਨੀਤੀ ਅਨੁਸਾਰ ਕੰਮ ਕਰਨ ਦੀ ਕਸਮ ਖਾ ਕੇ ਇਕਰਾਰ ਕੀਤਾ ਹੋਇਆ ਸੀ, ਹੁਣ ਕੇਵਲ ਜਿਨ੍ਹਾਂ ਰਾਹੀਂ ਸਲੀਮ ਨੇ ਗੱਦੀ ਪ੍ਰਾਪਤ ਕੀਤੀ ਸੀ, ਉਨ੍ਹਾਂ ਨਾਲ ਕੀਤੇ ਹੋਏ ਵਾਇਦੇ ਪੂਰੇ ਕਰਨ ਦਾ ਹੀ ਸਵਾਲ ਰਹਿ ਗਿਆ ਸੀ।

ਸਲੀਮ ਦਾ ਪੁੱਤਰ ਖੁਸਰੋ ਜੋ ਗੱਦੀ ਪ੍ਰਾਪਤ ਕਰਨ ਤੋਂ ਅਸਮਰਥ ਰਿਹਾ ਸੀ, ਬਦਲੇ ਹੋਏ ਵਾਤਾਵਰਨ ਵਿਚ ਰਹਿਣਾ ਪਸੰਦ ਨਹੀਂ ਕਰਦਾ ਸੀ। ਉਸਦੇ ਬਾਪ ਜਹਾਂਗੀਰ ਬਾਦਸ਼ਾਹ ਨੇ ਉਸ ਨੂੰ ਇਕ ਲੱਖ ਰੁਪਏ ਦੀ ਜਾਗੀਰ ਵੀ ਲਾ ਦਿੱਤੀ ਸੀ ਅਤੇ ਆਗਰੇ ਦੇ ਕਿਲ੍ਹੇ ਵਿਚ ਸੋਹਣਾ ਮਹਿਲ ਵੀ ਦੇ ਦਿੱਤਾ ਸੀ ਪਰ ਉਹ ਸੰਤੁਸ਼ਟ ਨਹੀਂ ਸੀ। ਡਾ. ਗੰਡਾ ਸਿੰਘ ਕਰਤਾ ਕਿਤਾਬ 'ਸ੍ਰੀ ਗੁਰੂ ਅਰਜਨ ਦੀ ਸ਼ਹਾਦਤ' ਦੇ ਪੰਨਾ ੧੯ ਉੱਤੇ ਲਿਖਦਾ ਹੈ ਕਿ ਆਗਰੇ ਦੇ ਕਿਲ੍ਹੇ ਵਿਚ ਖੁਸਰੋ ਆਪਣੇ ਆਪ ਨੂੰ ਕੈਦੀ ਸਮਝਦਾ ਸੀ। ਉਹ ਆਪਣੀ ਕਿਸਮਤ ਅਜਮਾਉਣ ਲਈ ੬ ਅਪ੍ਰੈਲ, ੧੬੦੬ ਈਸਵੀ ਨੂੰ ਕਿਲ੍ਹੇ ਵਿਚੋਂ ਬਚ ਕੇ ਨਿਕਲ ਗਿਆ ਅਤੇ ਜਹਾਂਗੀਰ ਦੇ ਖਿਲਾਫ ਬਗਾਵਤ ਕਰਨ ਲਈ ਪੰਜਾਬ ਵਿਚੋਂ ਸਹਾਇਤਾ ਪ੍ਰਾਪਤ ਕਰਨ ਦੀ ਆਸ ਵਿਚ ਇਸ ਪਾਸੇ ਭੱਜ ਤੁਰਿਆ। ਜਹਾਂਗੀਰ ਬਾਦਸ਼ਾਹ ਨੇ ਖੁਸਰੋ ਨੂੰ ਫੜਨ ਲਈ ਉੱਪਰ ਦੱਸੇ ਸ਼ੇਖ ਫਰੀਦ ਬੁਖਾਰੀ ਦੀ ਡਿਊਟੀ ਲਾਈ। ਉਹ ਵੀ ਖੁਸਰੋ ਦੇ ਪਿੱਛੇ ਭੱਜ ਨਿਕਲਿਆ। ਬਾਦਸ਼ਾਹ ਜਹਾਂਗੀਰ ਨੂੰ ਫੇਰ ਵੀ ਸਬਰ ਨਾ ਆਇਆ, ਉਹ ਦੋ ਦਿਨ ਮਗਰੋਂ ਆਪ ਵੀ ਇਸੇ ਮੁਹਿੰਮ ਤੇ ਚੜ੍ਹ ਪਿਆ। ਜਿਸ ਰਸਤੇ ਖੁਸਰੋ ਜਾ ਰਿਹਾ ਸੀ ਉਸੇ ਰਸਤੇ ਸ਼ੇਖ ਫਰੀਦ ਨੇ ਪਿੱਛਾ ਕੀਤਾ। ਖੁਸਰੋ ਨੇ ਪੰਜਾਬ ਵਿਚ ਗੋਇੰਦਵਾਲ ਦੇ ਪਤਨ ਤੇ ਦਰਿਆ ਬਿਆਸ ਮਿਤੀ ੨੧ ਅਪ੍ਰੈਲ ੧੬੦੬ ਨੂੰ ਪਾਰ ਕੀਤਾ ਅਤੇ ਸਿੱਧਾ ਲਾਹੌਰ ਦੇ ਕਿਲ੍ਹੇ ਤੇ ਕਬਜ਼ਾ ਕਰਨ ਵਾਸਤੇ ਭੱਜ ਨਿਕਲਿਆ, ਪਰ ਉਸ ਮੰਤਵ ਵਿਚ ਕਾਮਯਾਬ ਨਾ ਹੋ ਸਕਿਆ ਅਤੇ ਜਦ ਉਸ ਨੂੰ ਪਤਾ ਲੱਗਿਆ ਕਿ ਸ਼ੇਖ ਫਰੀਦ ਵੀ ਗੋਇੰਦਵਾਲ ਤੋਂ ਦਰਿਆ ਪਾਰ ਕਰ ਚੁਕਿਆ ਹੈ ਅਤੇ ਉਸ ਦਾ ਪਿੱਛਾ ਕਰ ਰਿਹਾ ਹੈ, ਤਾਂ ਉਹ ਸ਼ੇਖ ਫਰੀਦ ਨਾਲ ਲੜਨ ਲਈ ਲਾਹੌਰ ਤੋਂ ਵਾਪਸ ਮੁੜ ਆਇਆ। ਪਿੰਡ ਭੈਰੋਵਾਲ ਦੇ ਨੇੜੇ ਲੜਾਈ ਹੋਈ। ਖੁਸਰੋ ਨੂੰ ਸ਼ੇਖ ਫਰੀਦ ਨੇ ਹਾਰ ਦਿੱਤੀ ਅਤੇ ਉਹ ਜੰਗੇ ਮੈਦਾਨ ਵਿਚੋਂ ਕਾਬਲ ਜਾਣ ਲਈ ਭੱਜ ਨਿਕਲਿਆ। ਮੰਦੇ ਭਾਗਾਂ ਨੂੰ ਝਨਾਬ ਦਰਿਆ ਪਾਰ ਕਰਦੇ ਹੋਏ ਉਸ ਨੂੰ ਮਿਤੀ ੨੭ ਅਪ੍ਰੈਲ ੧੬੦੬ ਈਸਵੀ ਨੂੰ, ਸ਼ੇਖ ਫਰੀਦ ਦੇ ਫੌਜੀਆਂ ਨੇ ਗ੍ਰਿਫਤਾਰ ਕਰ ਲੀਤਾ।

ਇਸ ਸਮੇਂ ਵਿਚ ਬਾਦਸ਼ਾਹ ਜਹਾਂਗੀਰ ਨੇ ਵੀ ਇਸੇ ਗੋਇੰਦਵਾਲ ਦੇ ਪਤਨ ਤੋਂ ਦਰਿਆ ਪਾਰ ਕਰ ਲਿੱਤਾ ਅਤੇ ਡਾ. ਗੰਡਾ ਸਿੰਘ ਅਨੁਸਾਰ ਉਸਨੇ ਝਬਾਲ ਦੇ ਮੁਕਾਮ ਤੋਂ ਰਾਤ ਨੂੰ ਕੋਪ ਕੀਤਾ ਉਹ ਲਾਹੌਰ ਦੇ ਨੇੜੇ ੨੯ ਅਪ੍ਰੈਲ ੧੬੦੬ ਨੂੰ ਪੁੱਜ ਗਿਆ ਅਤੇ ਇਕ ਬਾਗ ਵਿਚ ੧੦ ਦਿਨ ਲਈ ਸ਼ਹਿਰ ਵਿਚ ਦਾਖਲ ਹੋਣ ਤੋਂ ਪਹਿਲਾਂ ਠਹਿਰ ਗਿਆ। ਇਹ ਮੁਹਿੰਮ ਦੀ ਕਾਮਯਾਬੀ ਵਿਚ ਖੁਸ਼ੀਆਂ ਮਨਾਈਆਂ ਗਈਆਂ ਅਤੇ ਭੈਰੋਵਾਲ ਪਿੰਡ ਦਾ ਨਾਂ ਫਤਿਆਬਾਦ ਰੱਖ ਕੇ ਜਾਗੀਰ ਵਜੋਂ ਸ਼ੇਖ ਫਰੀਦ ਨੂੰ ਦੇ ਦਿੱਤਾ ਗਿਆ ਅਤੇ ਉਸਨੂੰ ਮੁਰਤਜਾਖਾਨ ਦਾ ਖਿਤਾਬ ਦੇ ਕੇ ਲਾਹੌਰ ਦਾ ਗਵਰਨਰ ਬਣਾ ਦਿੱਤਾ।

ਖੁਸਰੋ ਦੇ ਆਗਰੇ ਤੋਂ ਭੱਜ ਨਿਕਲਣ ਤੋਂ ਮਗਰੋਂ ਸਾਰੇ ਰਸਤੇ ਵਿਚ ਜਿੱਥੇ ਵੀ ਕਿਸੇ ਨੇ ਖੁਸਰੋ ਦੀ ਮਦਦ ਕੀਤੀ ਉਸਨੂੰ ਮਗਰ ਆ ਰਹੇ ਸ਼ੇਖ ਫਰੀਦ ਤੇ ਬਾਦਸ਼ਾਹ ਜਹਾਂਗੀਰ ਨੇ ਯੋਗ ਸਜ਼ਾਵਾਂ ਦਿੱਤੀਆਂ। ਖੁਸਰੋ ਦੀ ਸਹਾਇਤਾ ਕਰ ਰਹੇ ਫੌਜੀ ਹਾਰ ਮਗਰੋਂ ਗ੍ਰਿਫਤਾਰ ਕੀਤੇ ਗਏ ਅਤੇ ਉਨ੍ਹਾਂ ਨੂੰ ਮੌਤ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੀਆਂ ਲਾਸ਼ਾਂ ਦਰੱਖ਼ਤਾਂ ਤੇ ਖੁਸਰੋ ਨੂੰ ਭੈਭੀਤ ਕਰਨ ਲਈ ਲਟਕਾ ਦਿੱਤੀਆਂ ਗਈਆਂ। ਖੁਸਰੋ ਨੂੰ ਬੇੜੀਆਂ ਨਾਲ ਜਕੜ ਕੇ ਕੈਦ ਵਿਚ ਸੁੱਟ ਦਿੱਤਾ ਗਿਆ। ਮਗਰੋਂ ਜਹਾਂਗੀਰ ਦੇ ਹੁਕਮ ਨਾਲ ਖੁਸਰੋ ਨੂੰ ਅੱਖਾਂ ਤੋਂ ਅੰਨ੍ਹਾ ਕਰ ਦਿੱਤਾ ਗਿਆ।

ਅਪ੍ਰੈਲ ੨੯ ਤੋਂ ਮਈ ਸੰਨ ੧੬੦੬ ਤੱਕ ਦੇ ੧੦ ਦਿਨਾਂ ਵਿਚ ਲਾਹੌਰ ਤੋਂ ਬਾਹਰ ਰਹਿੰਦੇ ਹੋਏ ਜਹਾਂਗੀਰ ਬਾਦਸ਼ਾਹ ਨੇ ਹੋਰ ਵੀ ਰਾਜ ਪ੍ਰਬੰਧ ਦੇ ਕੰਮ ਕੀਤੇ। ਕਈ ਖਾਨਕਾਰਾਂ ਨੂੰ ਜਗੀਰਾਂ ਦਿੱਤੀਆਂ। ਆਗਰੇ ਵਿਚ ਰਹਿ ਰਹੇ ਆਪਣੇ ਪਰਿਵਾਰ ਨੂੰ ਬੁਲਾਉਣ ਦਾ ਪ੍ਰਬੰਧ ਕੀਤਾ। ਇਸ ਸਾਰੇ ਸਮੇਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਖੁਸਰੋ ਨੂੰ ਮੱਦਦ ਕਰਨ ਬਾਰੇ ਕੋਈ ਗੱਲ ਉਸਦੇ ਧਿਆਨ ਵਿਚ ਨਹੀਂ ਆਈ। ਉਸਨੇ ੨੬ ਜਾਂ ੨੭ ਅਪ੍ਰੈਲ, ਨੂੰ ਗੋਇੰਦਵਾਲ ਦੇ ਮੁਕਾਮ ਤੇ ਦਰਿਆ ਪਾਰ ਕੀਤਾ ਸੀ ਅਤੇ ਉਹ ਇਕ ਰਾਤ ਝਬਾਲ ਵੀ ਠਹਰਿਆ ਸੀ, ਪਰ ਉਸ ਥਾਂ ਤੇ ਵੀ ਉਸਨੂੰ ਗੁਰੂ ਸਾਹਿਬ ਅਰ ਖੁਸਰੋ ਦੀ ਮੁਲਾਕਾਤ ਬਾਰੇ ਕਿਸੇ ਗੱਲ ਦਾ ਪਤਾ ਨਹੀਂ ਲਗਿਆ। ਖੁਸਰੋ ੨੧-੪-੧੬੦੬ ਨੂੰ ਪੁਜਿਆ ਸੀ। ਇਸ ਤਰ੍ਹਾਂ ਉਹ ਗੁਰੂ ਸਾਹਿਬ ਨੂੰ ਮਿਲਣ ਲਈ ਅੰਮ੍ਰਿਤਸਰ ਦੇ ਰਸਤੇ ਜੋ ਕਿ ੨੫ ਮੀਲ ਦਾ ਗੇੜ ਪਾਉਂਦਾ ਹੈ ਨਹੀਂ ਗਿਆ, ਅਤੇ ਨਾ ਹੀ ਉਹ ਇਨਾਂ ਸਮਾਂ ਕੱਢ ਸਕਦਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਉਸ ਸਮੇਂ ਦੇ ਭਾਰਤ ਵਿਚ ਇਕ ਮਹਾਨ ਵਿਅਕਤੀ ਸਨ ਉਨ੍ਹਾਂ ਦੀ ਸੇਵਾ ਵਿਚ ਹਰ ਸਮੇਂ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੇਵਕ ਜੁੜੇ ਰਹਿੰਦੇ ਸਨ। ਉਨ੍ਹਾਂ ਨੇ ਜਿਥੇ ਵੀ ਆਪਣੇ ਚਰਨ ਪਾਏ, ਉਹ ਥਾਵਾਂ ਇਤਿਹਾਸ ਵਿਚ ਉਘੀਆਂ ਹਨ। ਇਸ ਤਰ੍ਹਾਂ ਗੁਰੂ ਸਾਹਿਬ ਦੀ ਖੁਸਰੋ ਨਾਲ ਕੋਈ ਮੁਲਾਕਾਤ ਲੁਕੀ ਛੁਪੀ ਨਹੀਂ ਰਹਿ ਸਕਦੀ ਸੀ। ਗੁਰੂ ਸਾਹਿਬ ਦਾ ਉਸ ਵੇਲੇ ਗੋਇੰਦਵਾਲ ਆਉਣਾ ਜਾਂ ਪਹਿਲੋਂ ਹੀ ਉਥੇ ਹੋਣਾ ਵੀ ਲੁਕਿਆ ਨਹੀਂ ਰਹਿ ਸਕਦਾ ਸੀ। ਜਹਾਂਗੀਰ ਲਾਹੌਰ ਸ਼ਹਿਰ ਵਿਚ ਦਾਖਲ ਹੋਣ ਉਪਰੰਤ ਰਾਜਸੀ ਮਾਮਲਿਆ

ਵਿਚ ਮਿਤੀ ੨੩ ਮਈ, ੧੬੦੬ ਤੱਕ ਰੁਝਿਆ ਰਿਹਾ, ਇਸ ਸਮੇਂ ਵਿਚ ਵੀ ਲਾਹੌਰ ਸ਼ਹਿਰ ਤੋਂ ਉਸਨੂੰ ਕੋਈ ਗੁਰੂ ਸਾਹਿਬ ਦੇ ਖਿਲਾਫ ਖੁਸਰੋ ਦੀ ਮਦੱਦ ਕਰਨ ਬਾਰੇ ਸ਼ਿਕਾਇਤ ਨਹੀਂ ਹੋਈ। ਇਤਿਹਾਸਕ ਤੌਰ 'ਤੇ ਖੁਸਰੋ ਦੀ ਗੁਰੂ ਅਰਜਨ ਦੇਵ ਜੀ ਨਾਲ ਮੁਲਾਕਾਤ ਹੋਣੀ ਸਿੱਧ ਨਹੀਂ ਹੁੰਦੀ।

ਜਹਾਂਗੀਰ ਆਪਣੀ ਖੁਦ ਲਿਖਤ "ਤੋਜ਼ਕੇ-ਜਹਾਂਗੀਰੀ" ਦੇ ਪੰਨਾ ੩੫ ਤੇ ਮਿਤੀ ੨੩ ਮਈ, ੧੬੦੬ ਈਸਵੀ ਨੂੰ ਅਚਾਨਕ ਹੀ ਲਿਖਦਾ ਹੈ ਕਿ ਗੋਇੰਦਵਾਲ ਦੇ ਮੁਕਾਮ ਤੇ ਦਰਿਆ ਬਿਆਸ ਦੇ ਕਿਨਾਰੇ ਜਿਥੇ ਖੁਸਰੋ ਠਹਰਿਆ ਹੋਇਆ ਸੀ ਗੁਰੂ ਅਰਜਨ ਉਸਨੂੰ ਮਿਲਣ ਵਾਸਤੇ ਗਿਆ ਅਤੇ ਖੁਸਰੋ ਨੂੰ ਉਸਨੇ ਕੁੱਝ ਪਹਿਲਾਂ ਪਕਾਈਆਂ ਹੋਈਆਂ ਗੱਲਾਂ ਦੱਸੀਆਂ ਅਤੇ ਉਸਦੇ ਮੱਥੇ ਤੇ ਕਸਤੂਰੀ ਦਾ ਤਿਲਕ ਲਗਾ ਕੇ ਅਸ਼ੀਰਵਾਦ ਦਿੱਤੀ। ਇਹ ਸੁਣ ਕੇ ਜਹਾਂਗੀਰ ਨੇ ਬਿਨਾਂ ਪੁੱਛ ਪ੍ਰਤੀਤ ਅਤੇ ਪੜਤਾਲ ਕੀਤੇ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਕੇ ਲਿਆਉਣ ਦਾ ਅਤੇ ਤਸੀਹੇ ਦੇ ਕੇ ਮੌਤ ਦੀ ਸਜ਼ਾ ਦੇਣ ਦਾ ਹੁਕਮ ਜਾਰੀ ਕਰ ਦਿੱਤਾ ਅਤੇ ਇਸ ਦੇ ਨਾਲ ਹੀ ਗੁਰੂ ਸਾਹਿਬ ਦੀ ਜਾਇਦਾਦ ਨੂੰ ਜਬਤ ਕਰਕੇ ਮੁਰਤਜਾ-ਖਾਨ ਦੇ ਕਬਜ਼ੇ ਵਿਚ ਦੇ ਦਿੱਤੀ। ਜਹਾਂਗੀਰ ਗੁਰੂ ਸਾਹਿਬ ਨੂੰ ਮੰਗੋਲ ਕਾਨੂੰਨ ਯਾਸਾ ਐ ਸਿਆਸਤ 'ਅਸ਼ਾ-ਐ-ਸਿਆਸਤ' ਅਧੀਨ ਮੌਤ ਦੀ ਸਜਾ ਦਾ ਹੁਕਮ ਲਿਖਦੇ ਹੋਏ ਅਰੰਭ ਵਿਚ ਲਿਖਦਾ ਹੈ ਕਿ "ਉਸਨੂੰ ਪਤਾ ਸੀ ਕਿ ਗੋਇੰਦਵਾਲ ਦਰਿਆਏ ਬਿਆਸ ਦੇ ਕਿਨਾਰੇ ਤੇ ਇਕ ਅਰਜਨ ਨਾਮੀ ਹਿੰਦੂ ਸੰਤ ਅਤੇ ਬਜੁਰਗ ਦੇ ਭੇਸ ਵਿਚ ਰਹਿੰਦਾ ਹੈ ਜਿਸ ਨੇ ਬਹੁਤ ਹਿੰਦੂਆਂ ਅਤੇ ਬੇਵਕੂਫ ਮੁਸਲਮਾਨਾਂ ਨੂੰ ਆਪਣੇ ਜਾਲ ਵਿਚ ਫਸਾਇਆ ਹੋਇਆ ਹੈ।ਉਸਨੇ ਧਾਰਮਿਕ ਆਗੂ ਹੋਣ ਦਾ ਪ੍ਰਪੰਚ ਕੀਤਾ ਹੋਇਆ ਹੈ ਅਤੇ ਲੋਕ ਉਸਨੂੰ ਗੁਰੂ ਆਖਦੇ ਹਨ। ਤਿੰਨ ਚਾਰ ਪੁਸ਼ਤਾਂ ਤੋਂ ਇਹ ਦੁਕਾਨ ਗਰਮ ਚੱਲੀ ਆ ਰਹੀ ਹੈ। ਬਹੁਤ ਲੰਮੇ ਸਮੇਂ ਤੋਂ ਮੇਰਾ ਇਹ ਖਿਆਲ ਬਣਦਾ ਆ ਰਿਹਾ ਸੀ ਕਿ ਜਾਂ ਤਾਂ ਮੈਂ ਇਸ ਝੂਠ ਦੀ ਸੰਸਥਾ ਦਾ ਅੰਤ ਕਰ ਦੇਵਾਂ ਨਹੀਂ ਫਿਰ ਉਸਨੂੰ (ਗੁਰੂ ਨੂੰ) ਮੁਸਲਮਾਨ ਬਣਾ ਲਵਾਂ।" ਉੱਪਰ ਦਸੇ ਹੁਕਮ ਦੀ ਲਿਖਤ ਤੋਂ ਇਹ ਭਲੀ ਪ੍ਰਕਾਰ ਸਿੱਧ ਹੋ ਜਾਂਦਾ ਹੈ ਕਿ ਜਹਾਂਗੀਰ ਨੇ ਪਹਿਲਾਂ ਹੀ ਕਿਸੇ ਸਾਜ਼ਸ਼ ਅਧੀਨ ਗੁਰੂ ਗੱਦੀ ਨੂੰ ਖਤਮ ਕਰਨ ਦਾ ਮਨ ਬਣਾਇਆ ਹੋਇਆ ਸੀ ਅਤੇ ਖੁਸਰੋ ਦੀ ਬਗਾਵਤ ਦੇ ਦਿਨਾਂ ਵਿਚ ਉਸ ਦਾ ਪੰਜਾਬ ਵਿਚ ਆ ਜਾਣ ਦਾ ਬਹਾਨਾ ਲਭਦੇ ਹੋਏ ਇਕ ਮਹੀਨੇ ਮਗਰੋਂ ਕਿਸੇ ਦੇ ਯਾਦ ਕਰਵਾਉਣ ਤੇ ਉਸਨੇ ਝੂਠੇ ਤੌਰ 'ਤੇ ਗੁਰੂ ਸਾਹਿਬ ਨੂੰ ਖੁਸਰੋ ਨਾਲ ਮੁਲਾਕਾਤ ਕਰਨ ਬਾਰੇ ਇਲਜ਼ਾਮ ਲਾ ਕੇ ਬਿਨਾਂ ਪੁੱਛ ਪੜਤਾਲ ਮੌਤ ਦੀ ਸਜ਼ਾ ਦੇ ਦਿੱਤੀ।

ਜਹਾਂਗੀਰ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫਤਾਰ ਕਰਕੇ ਲਾਹੌਰ ਵਿਚ ਮੁਰਤਜਾਖਾਨ ਦੇ ਹਵਾਲੇ ਕਰ ਦਿੱਤਾ। ਇਸ ਉਪਰੰਤ ਕਈ ਦਿਨ ਗੁਰੂ ਸਾਹਿਬ ਨੂੰ 'ਯਾਸਾ ਅਤੇ ਸਿਆਸਤ' ਦੇ ਕਾਨੂੰਨ ਅਧੀਨ ਅਸਿਹ ਅਤੇ ਅਕਿਹ ਕਸ਼ਟ ਦਿੱਤੇ ਗਏ ਜੋ ਇਕ ਆਮ ਮਨੁੱਖ ਨੂੰ ਸਹਾਰਣੇ ਮੁਸ਼ਕਲ ਸਨ। ਭਾਈ ਗੁਰਦਾਸ ਜੀ ਵਾਰ ੨੩ ਵਿਚ ਲਿਖਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੂੰ ਜਿਸਮਾਨੀ ਤੌਰ 'ਤੇ ਅਤਿ ਦਰਜੇ ਦਾ ਕਸ਼ਟ ਦਿੱਤਾ ਗਿਆ ਸੀ। ਅਤੇ ਮਈ ੩੦, ੧੬੦੬ ਈਸਵੀ ਨੂੰ ਇਹ ਕਸ਼ਟ ਸਹਾਰਦੇ ਹੋਏ ਵਾਹਿਗੁਰੂ ਦਾ ਭਾਣਾ ਮੰਨਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚੋਲਾ ਤਿਆਗ ਦਿੱਤਾ ਅਤੇ ਉਨ੍ਹਾਂ ਦੀ ਰੂਹ "ਜਿਉ ਜਲ ਮਹਿ ਜਲ ਆਇ ਖਟਾਨਾ॥ ਤਿਉ ਜੋਤੀ ਸੰਗ ਜੋਤਿ ਸਮਾਨਾ" ਦੇ ਮਹਾਂਵਾਕ ਅਨੁਸਾਰ ਵਾਹਿਗੁਰੂ ਨਾਲ ਅਭੇਦ ਹੋ ਗਈ।

ਇਸ ਮਹਾਨ ਸ਼ਹਾਦਤ ਉਪਰੰਤ ਜਿਸ ਨੇ ਅੱਗੇ ਜਾ ਕੇ ਭਾਰਤ ਵਿਚ ਵਿਸ਼ੇਸ਼ ਕਰਕੇ ਪੰਜਾਬ ਦੀ ਧਰਤੀ ਤੇ ਪਰਿਵਰਤਨ ਲਿਆਦਾ ਇਤਿਹਾਸ ਦੇ ਮੱਥੇ ਤੇ ਇਕ ਕਲੰਕ ਭਰਿਆ ਟਿੱਕਾ ਹੈ।

ਹਜਰਤ ਮੁਜੱਦ ਅਲਫ-ਸਾਨੀ ਸਰਹੰਦੀ ਨੇ ਇਸ ਭੈੜੇ ਕਿਸਮ ਦੇ ਅਤਿਆਚਾਰ ਦੀ ਪ੍ਰਸੰਸਾ ਕਰਦੇ ਹੋਏ ਲਾਹੌਰ ਦੇ ਸੂਬੇ ਸ਼ੇਖ ਫਰੀਦ ਬੁਖਾਰੀ (ਮੁਰਤਜਾ ਖਾਨ) ਨੂੰ ਆਪਣੀ ਚਿੱਠੀ ਨੰਬਰ (੧੯੩ ਮੁਕਤੂਬਾਤੇ ਅਲਫ-ਸਾਨੀ-ਰਬਾਨੀ ਜੋ ਡਾ. ਗੰਡਾ ਸਿੰਘ ਨੇ ਅੰਗਰੇਜ਼ੀ ਅਨੁਵਾਦ ਦੇ ਨਾਲ ਆਪਣੀ ਪਹਿਲਾਂ ਦੱਸੀ ਕਿਤਾਬ ਵਿਚ ਛਾਪੀ ਹੈ।) ਰਾਹੀਂ ਲਿਖਿਆ ਕਿ "ਗੋਇੰਦਵਾਲ ਦੇ ਕਾਫਰ ਘ੍ਰਿਣਤ ਅਰਜਨ ਦਾ ਕਤਲ ਇਕ ਕਾਮਯਾਬੀ ਹੈ।..."

ਇਸ ਕਤਲ ਤੋਂ ਪਹਿਲਾਂ ਮੈਨੂੰ ਸੁਫਨਾ ਆਇਆ ਸੀ ਕਿ ਸ਼ਰੀਕ (ਕੁਫਰ) ਸ਼ੀਰਕ ਦੇ ਬਾਦਸ਼ਾਹ ਭਾਵ ਗੁਰੂ ਅਰਜਨ ਦੇਵ ਦੇ ਸਿਰ ਉੱਤੋਂ ਇਸਲਾਮ ਦੇ ਬਾਦਸ਼ਾਹ (ਜਹਾਂਗੀਰ) ਨੇ ਤਾਜ ਲਾਹ ਕੇ ਆਪਣੇ ਸਿਰ ਉੱਤੇ ਪਹਿਨ ਲੀਤਾ ਹੈ। ਇਸ ਨਾਲ ਇਸਲਾਮ ਦੀ ਫਤਹਿ ਅਤੇ ਕੁਫਰ ਦੀ ਹਾਰ ਹੋਈ ਹੈ..."

ਸ਼ੇਖ ਅਹਿਮਦ ਫਾਰੂਕੀ ਮਜੱਜਦ ਅਲਫ-ਸਾਨੀ ਸਰਹੰਦੀ ਦੀ ਉਪਰ ਦੱਸੀ ਚਿੱਠੀ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਕੋਈ ਪਹਿਲਾਂ ਸਾਜ਼ਸ਼ ਸੀ, ਜੋ ਇਸ ਸ਼ਹਾਦਤ ਨਾਲ ਸਿਰੇ ਜਾ ਚੜ੍ਹੀ। ਇਹ ਗੱਲ ਚਿੱਠੀ ਵਿਚ ਆਏ ਸ਼ਬਦ 'ਕਾਮਯਾਬੀ' ਤੋਂ ਪ੍ਰਗਟ ਹੁੰਦੀ ਹੈ।

ਉੱਪਰ ਦੱਸੇ ਹਾਲਾਤ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਸੰਬੰਧ ਵਿਚ ਸਹਿਜੇ ਹੀ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਇਸ ਦੁਖਾਂਤ ਘਟਨਾ ਦਾ ਮੋਢੀ ਜਹਾਂਗੀਰ ਸੀ ਜਿਸ ਨੇ ਆਪਣੇ ਹੱਥ ਲਿਖਤੀ ਦਸਤਾਵੇਜ਼ ਵਿਚ ਸਾਫ ਤੌਰ 'ਤੇ ਆਪਣੇ ਦਿਲ ਦੀ ਭੜਾਸ ਕੱਢੀ ਹੈ ਕਿ ਉਹ ਗੁਰੂ ਅਰਜਨ ਦੇਵ ਨੂੰ ਖਤਮ ਕਰਨ ਦਾ ਮਨ ਬਣਾਈ ਬੈਠਾ ਸੀ। ਉਸ ਨੂੰ ਉਕਸਾਉਣ ਵਾਲਾ ਇਸ ਭੈੜੀ ਦੁਖਾਂਤ ਦੁਰਘਟਨਾ ਦੇ ਖੁਸ਼ੀ ਪ੍ਰਗਟ ਕਰਨ ਵਾਲਾ ਸ਼ੇਖ ਅਹਿਮਦ ਮਜੱਜਦ ਅਲਫ-ਸਾਨੀ-ਸਰਹੰਦੀ ਇਸ ਲਈ ਜ਼ੁੰਮੇਵਾਰੀ ਤੋਂ ਬਰੀ ਨਹੀਂ ਹੋ ਸਕਦਾ। ਉਹ ਇਸ ਦਰਦਨਾਕ ਘਟਨਾ ਨੂੰ 'ਕਾਮਯਾਬੀ' ਦੱਸਦਾ ਹੈ ਅਤੇ ਖੁਸ਼ੀ ਦਾ ਸੰਦੇਸ਼ ਭੇਜਦਾ ਹੈ ਜਦ ਕਿ ਹਜ਼ਰਤ ਮੀਆਂ ਮੀਰ ਵਰਗੇ ਖੁਦਾ ਤਰਸ ਸੱਚੇ ਮੁਸਲਮਾਨ ਸੂਫੀ ਸੰਤ ਵਰਗੇ ਮਹਾਂਪੁਰਸ਼ ਅਤਿ ਦੁਖੀ ਹੋਏ ਸਨ।

ਇਸ ਸਾਜ਼ਸ਼ ਨੂੰ ਨੇਪਰੇ ਚਾੜਨ ਵਿਚ ਗੁਰੂ ਸਾਹਿਬ ਦੇ ਬਰਖਿਲਾਫ ਦੀਵਾਨ ਚੰਦੂ ਨੇ ਵੀ ਘ੍ਰਿਣਤ ਕੰਮ ਕੀਤੇ। ਕਈ ਲਿਖਾਰੀਆਂ ਨੇ ਆਮ ਪ੍ਰਚਲਤ ਕਥਾ ਅਨੁਸਾਰ ਚੰਦੂ ਨੂੰ ਇਸ ਦੁਖਾਂਤ ਦੁਰਘਟਨਾ ਦਾ ਮੋਢੀ ਦੱਸਿਆ ਹੈ ਪਰ ਇਹ ਗੱਲ ਮੰਨਣ ਯੋਗ ਨਹੀਂ। ਇਤਿਹਾਸਕ ਤੌਰ 'ਤੇ ਚੰਦੂ ਦਾ ਮੁਗਲ ਹਕੂਮਤ ਦਾ ਦੀਵਾਨ ਹੋਣਾ ਜਾਂ ਹੋਰ ਕਿਸੇ ਅਹੁਦੇ ਤੇ ਲਗਾ ਹੋਣਾ ਸਾਬਤ ਨਹੀਂ ਹੁੰਦਾ। (ਡਾ. ਗੰਡਾ ਸਿੰਘ, ਉਪਰ ਦਿੱਤਾ ਹਵਾਲਾ ਵਿਚ) ਸਿੱਖ ਇਤਿਹਾਸ ਵਿਚ ਚੰਦੂ ਨੂੰ ਮੋਰੀ ਦੀ ਇੱਟ ਹੀ ਦਸਿਆ ਹੈ ਭਾਵ ਉਹ ਕੋਈ ਛੋਟੀ ਹਸਤੀ ਦਾ ਵਿਅਕਤੀ ਹੀ ਸੀ, ਗੁਰੂ ਸਾਹਿਬ ਦੇ ਖਿਲਾਫ ਨਿੰਦਕ ਜੁੰਡਲੀ ਵਿਚ ਸ਼ਾਮਿਲ ਹੋ ਸਕਦਾ ਹੈ।

ਸਵਰਗਵਾਸੀ ਮਹਾਨ ਇਤਿਹਾਸਕਾਰ ਇੰਦੂ ਭੂਸ਼ਨ ਬੈਨਰਜੀ ਆਪਣੀ ਕਿਤਾਬ 'ਖਾਲਸੇ ਦੀ ਬਣਤਰ' ਭਾਗ- ੧੧ ਪੰਨਾ ੧੫੩ (ਅੰਗਰੇਜ਼ੀ) ਤੇ ਲਿਖਦਾ ਹੈ ਕਿ ਸਿੱਖਾਂ ਦੇ ਇਤਿਹਾਸਕ ਕਾਰਨਾਮਿਆਂ ਨੂੰ ਛੋਟਾ ਕਰਕੇ ਦੱਸਣ ਦੇ ਯਤਨ ਕੀਤੇ ਗਏ ਹਨ। ਬਦਕਿਸਮਤੀ ਹੈ ਕਿ ਸਿੱਖਾਂ ਦੇ ਸੁਨਹਿਰੀ

ਇਤਿਹਾਸ ਨੂੰ ਜਾਣ ਬੁੱਝ ਜਾਂ ਅਗਿਆਨਤਾ ਕਾਰਨ ਛੋਟਾ ਕਰ ਕੇ ਦੱਸਣ ਦੀ ਰੁਚੀ ਦੀ ਸਿੱਖਾਂ ਨੇ ਢੁਕਵੀਂ ਨਿਖੇਧੀ ਨਹੀਂ ਕੀਤੀ। ਮੁਗਲ ਰਾਜ ਦਾ ਇਤਿਹਾਸ ਲਿਖਣ ਵਾਲਾ ਸਵਰਗਵਾਸੀ ਇਤਿਹਾਸਕਾਰ, ਸਰ ਜਾਦੂ ਨਾਥ ਸਰਕਾਰ ਗੁਰੂ ਅਰਜਨ ਦੇਵ ਦੀ ਸ਼ਹਾਦਤ ਬਾਰੇ ਲਿਖਦਾ ਹੈ ਕਿ "ਗੁਰੂ ਅਰਜਨ ਨੇ ਇਕ ਬਾਗੀ ਦੀ ਸਹਾਇਤਾ ਕੀਤੀ ਅਤੇ ਬਾਗੀਆਂ ਦੀ ਸਹਾਇਤਾ ਕਰਨ ਵਾਲਿਆਂ ਨੂੰ ਰਵਾਇਤੀ ਜੋ ਸਜ਼ਾ ਦਿੱਤੀ ਜਾਂਦੀ ਸੀ ਉਹ ਗੁਰੂ ਅਰਜਨ ਨੂੰ ਦੇ ਦਿੱਤੀ ਗਈ। ਇਸ ਲਿਖਤ (ਸਮਕਾਰ-ਔਰੰਗਜ਼ੇਬ ਦਾ ਇਤਿਹਾਸ ਭਾਗ-੧੧੧ ਪੰਨਾ ੩੦੮ ਅੰਗਰੇਜ਼ੀ) ਅਨੁਸਾਰ ਸਰ ਜਾਦੂ ਨਾਥ ਸਰਕਾਰ ਨੇ ਇਸ ਮਹਾਨ ਸ਼ਹਾਦਤ ਨੂੰ ਇਕ ਰਵਾਇਤੀ-ਮਾਮੂਲੀ ਗੱਲ ਦੱਸਿਆ। ਸਰ ਜਾਦੂ ਨਾਥ ਸਰਕਾਰ ਦੀਆਂ ਲਿਖੀਆਂ ਇਤਿਹਾਸ ਬਾਰੇ ਕਿਤਾਬਾਂ ਭਾਰਤ ਦੀਆਂ ਸਾਰੀਆਂ ਯੂਨੀਵਰਸਿਟੀਆਂ ਵਿਚ ਪਾਠ ਪੁਸਤਕਾਂ ਪਿਛਲੇ ੬੦-੭੦ ਸਾਲਾਂ ਤੋਂ ਲੱਗੀਆਂ ਆ ਰਹੀਆਂ ਹਨ ਅਤੇ ਭਾਰਤ ਤੋਂ ਬਾਹਰ ਵੀ ਸੰਸਾਰ ਦੀਆਂ ਮੁੱਖ ਲਾਇਬਰੇਰੀਆਂ ਵਿਚ ਇਹ ਕਿਤਾਬਾਂ ਪੁੱਜੀਆਂ। ਸਿੱਖਾਂ ਨੇ ਇਨ੍ਹਾਂ ਦਾ ਕੋਈ ਖੰਡਨ ਨਾ ਕੀਤਾ। ਜਿਸ ਦਾ ਨਤੀਜਾ ਇਹ ਹੋਇਆ ਕਿ ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਬਾਰੇ ਜਗਤ ਨੂੰ ਗਲਤ ਜਾਣਕਾਰੀ ਮਿਲਦੀ ਰਹੀ। ਇਸ ਦਾ ਕਿੰਨਾ ਭੈੜਾ ਅਸਰ ਪਿਆ ਹੋਣਾ ਹੈ ਇਸ ਦਾ ਅਨੁਮਾਨ ਲਗਾਉਣਾ ਔਖਾ ਹੈ।



ਇੰਦੂ ਭੂਸ਼ਣ ਬੈਨਰਜੀ ਨੇ ਆਪਣੀ ਉੱਪਰ ਦੱਸੀ ਕਿਤਾਬ ਦੇ ਪੰਨਾ ੪ ਅਤੇ ੬ ਤੇ ਇਸ ਸ਼ਹਾਦਤ ਬਾਰੇ ਠੀਕ ਪੜਚੋਲ ਕਰਦੇ ਹੋਏ ਸਾਫ ਤੌਰ 'ਤੇ ਲਿਖਿਆ ਹੈ ਕਿ ਜਹਾਂਗੀਰ ਦੇ ਆਪਣੇ ਲਿਖਤੀ ਹੁਕਮ ਵਿਚ ਗੁਰੂ ਅਰਜਨ ਦੇਵ ਜੀ ਨੂੰ ਮੌਤ ਦੀ ਸਜ਼ਾ ਦੇਣ ਦੇ ਕਾਰਨ ਸਾਫ ਤੌਰ 'ਤੇ ਦਰਜ ਹੋਣ ਦੀ ਮੌਜੂਦਗੀ ਵਿਚ ਸਰ ਜਾਦੂ ਨਾਥ ਸਰਕਾਰ ਦਾ ਇਹ ਅਨੁਭਵ ਕਰਨਾ ਕਿ ਇਹ ਸਜ਼ਾ ਬਾਗੀ ਖੁਸਰੋ ਦੀ ਮੱਦਦ ਦੇਣ ਕਾਰਨ ਹੋਈ ਸੀ ਇਕ ਪੁਠਾ ਅਨੁਮਾਨ ਲਾਉਣਾ ਹੈ ਅਤੇ ਕਿਸੇ ਇਤਿਹਾਸਕਾਰ ਨੂੰ ਇਸ ਗਲਤੀ ਤੋਂ ਮੁਆਫ ਨਹੀਂ ਕੀਤਾ ਜਾ ਸਕਦਾ। ਸ਼ੇਖ ਅਹਿਮਦ ਫਾਰੂਕੀ ਸਰਹੰਦੀ ਨੇ ਉੱਪਰ ਦੱਸੀ ਚਿੱਠੀ ਵਿਚ ਲਿਖਿਆ ਸੀ ਕਿ ਇਸ ਭੈੜੀ ਦੁਰਘਟਨਾ ਨਾਲ ਇਸਲਾਮ ਦੀ ਫਤਹਿ ਹੋਈ ਅਤੇ ਕੁਫਰ ਦੀ ਹਾਰ ਹੋਈ। ਸਰਹੰਦ ਉਹ ਗੁਰੂ ਮਾਰੀ ਨਗਰੀ ਹੈ ਜਿਥੋਂ ਫਿਰਕੂ ਅੱਗ ਭਾਰਤ ਵਿਚ ਫੈਲਦੀ ਰਹੀ। ਇਥੇ ਹਜ਼ਾਰਾਂ ਵਿਅਕਤੀ ਫਿਰਕੂ ਅੱਗ ਵਿਚ ਝੁਲਸੇ ਗਏ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦੋ ਛੋਟੇ ੭ ਅਤੇ ੯ ਸਾਲ ਦੇ ਸਾਹਿਜ਼ਾਦੇ ਇਸੇ ਮਨਹੂਸ ਧਰਤੀ ਉੱਤੇ ਜੀਉਂਦੇ ਦੀਵਾਰਾਂ ਵਿਚ ਚਿਣੇ ਗਏ। ਇਹੋ ਮਨਹੂਸ ਸ਼ਹਿਰ ਆਉਣ ਵਾਲੇ ਸਮੇਂ ਵਿਚ ੧੦-੧੨ ਮਈ, ੧੭੧੦ ਈਸਵੀ ਨੂੰ ਬਾਬੇ ਬੰਦੇ ਬਹਾਦਰ ਦੀ ਕਮਾਨ ਹੇਠ ਸਿੱਖਾਂ ਦੇ ਗੁੱਸੇ ਦਾ ਪਾਤਰ ਬਣਿਆ। ਮੁਗਲ ਹਕੂਮਤ ਦੇ ਸੂਬੇਦਾਰ ਵਜੀਦ ਖਾਨ ਜਿਸ ਦੇ ਹੁਕਮ ਨਾਲ ਸਾਹਿਬਜ਼ਾਦੇ ਅਤੇ ਹੋਰ ਅਨੇਕਾਂ ਸਿੱਖ ਇਥੇ ਸ਼ਹੀਦ ਕੀਤੇ ਗਏ ਸਨ, ਨੂੰ ਸਜ਼ਾ ਦੇ ਕੇ ਇਸ ਸ਼ਹਿਰ ਦੀ ਇੱਟ ਨਾਲ ਇਟ ਵਜਾ ਦਿੱਤੀ ਗਈ ਅਤੇ ਮੁਗਲ ਹਕੂਮਤ ਦੀ ਛਾਤੀ ਉੱਤੇ ਜਮਨਾ ਤੋਂ ਲੈ ਕੇ ਸਤਲੁਜ ਤੱਕ ਦੇ ਇਲਾਕੇ ਤੇ ਮਨੁੱਖ ਦੀ ਆਤਮਕ, ਵਿਅਕਤੀਗਤ ਅਤੇ ਸਮਾਜਕ ਪ੍ਰਫੁਲਤਾ ਲਈ ਸਿੱਖਾਂ ਨੇ ਅਜ਼ਾਦ ਸਟੇਟ ਕਾਇਮ ਕਰ ਲੀਤੀ।

ਸ੍ਰੀਗ੍ਰੁਅ ਰਜਨਦ ੇਵ ਜੀ ਦੀ ਸ਼ਹਾਦਤ ਲਾਹੌਰ ਵਿਚ ਰਾਵੀ ਦੇ ਕਿਨਾਰੇ ਹੋਈ ਜਿੱਥੇ ਹੁਣ ਡੇਰਾ ਸਾਹਿਬ ਗੁਰਦੁਆਰਾ ਬਤੌਰ ਯਾਦਗਾਰ ਦੇ ਸਥਾਪਤ ਹੈ। ਇਸੇ ਲਾਹੌਰ ਸ਼ਹਿਰ ਵਿਚ ੧੬ ਸਾਲ ਮਗਰੋਂ ਜਹਾਂਗੀਰ ਦੀ ਮੌਤ ਹੋਈ ਅਤੇ ਇਸੇ ਰਾਵੀ ਦਰਿਆ ਦੇ ਕਿਨਾਰੇ ਉਸ ਦੀ ਕਬਰ-ਮਿਜ਼ਾਰ ਵੀ ਬਣੀ ਹੋਈ ਹੈ, ਇਥੇ ਹੀ ਉਸ ਦੀ ਚਹੀਤੀ ਮਲਕਾ ਨੂਰਜਹਾਂ ਦੀ ੧੪ ਸਾਲ ਸ਼ਾਹਜਹਾਨ ਦੇ ਹੁਕਮ ਨਾਲ ਕੈਦੀ ਰਹਿਣ ਮਗਰੋਂ ਮੌਤ ਹੋਈ। ਉਸ ਦਾ ਮਿਜ਼ਾਰ ਵੀ ਇਸੇ ਰਾਵੀ ਦੇ ਕਿਨਾਰੇ ਬਣਿਆ ਹੋਇਆ ਹੈ। ਵਾਹਿਗੁਰੂ ਨੇ ਜਹਾਂਗੀਰ ਨੂੰ ਅੰਤ ਸਮੇਂ ਘੇਰ ਕੇ ਇਸੇ ਥਾਂ ਤੇ ਕਬਰ ਵਿਚ ਪੈ ਕੇ ਸਦੀਵੀ ਪਸ਼ਚਾਤਾਪ ਕਰਨ ਲਈ ਇਕ ਦੁਰਘਟਨਾ ਵਾਲੀ ਥਾਂ ਲੈ ਆਂਦਾ। ਜਹਾਂਗੀਰ ਅਤੇ ਉਸਦੀ ਮਲਕਾ ਦੇ ਮਿਜ਼ਾਰ ਦੀ ਭੈੜੀ ਹਾਲਤ ਬਾਰੇ ਲਿਖਾਰੀਆਂ ਨੇ ਬਹੁਤ ਕੁਝ ਲਿਖਿਆ ਹੋਇਆ ਹੈ ਪਰ ਉਸ ਦੇ ਉਲਟ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦ ਅਸਥਾਨ ਤੇ ਪਾਕਿਸਤਾਨ ਬਣਨ ਉਪਰੰਤ ਵੀ ਸਾਰੇ ਸੰਸਾਰ ਤੋਂ ਗੁਰੂ ਸਾਹਿਬ ਦੇ ਸ਼ਰਧਾਲੂ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾ ਦੇ ਫੁੱਲ ਭੇਟਾ ਕਰਨ ਆਉਂਦੇ ਹਨ। ਡੇਰਾ ਸਾਹਿਬ ਦਾ ਉੱਚਾ ਕੇਸਰੀ ਨਿਸ਼ਾਨ ਅਤੇ ਸੁਨਹਿਰੀ ਕਲਸ ਰਾਵੀ ਦੇ ਪਾਣੀਆਂ ਰਾਹੀਂ ਆਪਣਾ ਪ੍ਰਕਾਸ਼ ਸਮੁੰਦਰ ਵਿਚ ਭੇਜਦੇ ਹੋਏ ਸਾਂਝੇ ਪਾਣੀਆਂ ਰਾਹੀਂ ਸਾਰੇ ਸੰਸਾਰ ਨੂੰ ਭੇਜਕੇ ਸਰਵ ਸਾਂਝੀਵਾਲਤਾ ਦਾ ਸੰਦੇਸ਼ ਰਹਿੰਦੀ ਦੁਨੀਆਂ ਤੱਕ ਭੇਜਦੇ ਰਹਿਣਗੇ।

ਗੁਰੂ ਸਾਹਿਬ ਦਾ ਸ਼ਹੀਦ ਅਸਥਾਨ ਲਾਹੌਰ ਸ਼ਹਿਰ ਸਿੱਖ ਰਾਜ ਦੀ ਰਾਜਧਾਨੀ ਬਣਿਆ ਸੀ। ਵਾਰਿਗੁਰੂ ਨੂੰ ਜ਼ੁਲਮ ਅਤੇ ਅਤਿਆਚਾਰ ਮਨਜ਼ੂਰ ਨਹੀਂ ਹੁੰਦੇ ਕੇਵਲ ਸੱਚ ਦੀ ਹੀ ਫਤਹਿ ਹੁੰਦੀ ਹੈ, "ਕੂੜ ਨਖੁਟੇ ਨਾਨਕਾ, ਓੜਕ ਸੱਚ ਰਹੀ"

ਹਜਰਤ ਮਜਜੱਦ ਅਲਫਸਾਨੀ ਉਸ ਵੇਲੇ ਦੇ ਵਿਦਵਾਨ ਦੀ ਸੋਚਣੀ ਅਤੇ ਲਿਖਣੀ ਅਨੁਸਾਰ ਗੁਰੂ ਸਾਹਿਬ ਦੀ ਇਸ ਮਹਾਨ ਸ਼ਹਾਦਤ ਨਾਲ ਕਾਫਰਾਂ ਦੀ ਹਾਰ ਹੋਈ ਸੀ ਪਰ ਅੱਜ ਦੇ ਵਿਦਵਾਨ ਸਯਦ ਫਿਆਜ਼ ਮਹਿਮੂਦ ਨੇ ਨਿਰਨਾ ਕੀਤਾ ਹੈ ਕਿ ਵਾਸਤਵ ਵਿਚ ਗੁਰੂ ਅਰਜਨ ਦੇਵ ਦੀ ਸ਼ਹਾਦਤ ਨੇ ਭਾਰਤ ਵਿਚ ਸਦੀਆਂ ਤੋਂ ਕਾਇਮ ਹੋਈ ਮੁਸਲਮਾਨ ਹਕੂਮਤ ਨੂੰ ਜੜ੍ਹ ਤੋਂ ਉਖਾੜਨ ਲਈ ਬਰੂਦ ਦਾ ਕੰਮ ਕੀਤਾ ਸੀ।

# ਜਦੋਂ ਸਿੱਖਾਂ ਨੇ ਬੰਦਾ ਬਹਾਦਰ ਦੀ ਕਮਾਨ ਹੇਠ ਸਰਹਿੰਦ ਨੂੰ ਫ਼ਤਹਿ ਕੀਤਾ

ਡਾ. ਹਰਚੰਦ ਸਿੰਘ ਸਰਹਿੰਦੀ

**“ਬੰਦਾ ਬਹਾਦਰ ਦਾ ਸਿਦਕ, ਜੋਸ਼, ਹੌਂਸਲਾ ਤੇ ਗਤੀ ਬੇਮਿਸਾਲ ਸੀ। ਉਹ ਜਿੱਧਰ ਨੂੰ ਵੀ ਹੋ ਤੁਰਿਆ, ਰਸਤਾ ਬਣਦਾ ਗਿਆ। ਸੋਨੀਪਤ, ਕੈਂਥਲ, ਸਮਾਣਾ, ਘੁੜਾਮ, ਠਸਕਾ, ਮੁਸਤਫ਼ਾਬਾਦ, ਕਪੂਰੀ, ਸਢੌਰਾ ਤੇ ਬਨੂੜ ਨੂੰ ਫ਼ਤਹਿ ਕਰਨ ਉਪਰੰਤ ਸਿੱਖ ਆਪਣੇ ਮੁੱਖ ਨਿਸ਼ਾਨੇ-ਸਰਹਿੰਦ ’ਤੇ ਜ਼ੋਰਦਾਰ ਹੱਲਾ ਬੋਲਣ ਲਈ ਕਚੀਚੀਆਂ ਲੈਣ ਲੱਗੇ। ਖਰੜ ਤੇ ਬਨੂੜ ਵਿਚਕਾਰ ਸਿੱਖਾਂ ਦਾ ਇਕ ਸ਼ਕਤੀਸ਼ਾਲੀ ਜਥਾ, ਜੋ ਕੀਰਤਪੁਰ ਵੱਲੋਂ ਜਿੱਤਾਂ ਪ੍ਰਾਪਤ ਕਰਦਾ ਆ ਰਿਹਾ ਸੀ, ਬੰਦਾ ਬਹਾਦਰ ਦੇ ਦਲ ਨਾਲ ਆ ਰਲ਼ਿਆ। ਸਿੱਖਾਂ ਦੇ ਹੌਂਸਲੇ ਹੋਰ ਬੁਲੰਦ ਹੋ ਗਏ ਅਤੇ ਸੂਬਾ ਸਰਹਿੰਦ ਨਾਲ ਉਚੇਚੇ ਤੌਰ ’ਤੇ ਸਿੱਝਣ ਲਈ ਉਨ੍ਹਾਂ ਨੇ ਚੱਪੜਚਿੜੀ ਦਾ ਮੈਦਾਨ ਆ ਮੱਲਿਆ। ਪਰ ਬੰਦਾ ਬਹਾਦਰ ਲਈ ਇਹ ਇਕ ਇਮਤਿਹਾਨ ਦੀ ਘੜੀ ਸੀ। ਹੁਣ ਉਹ ਇਕ ਸ਼ਕਤੀਸ਼ਾਲੀ ਫ਼ੌਜ ਨਾਲ ਸਾਹਮਣਿਉਂ ਟੱਕਰ ਲੈ ਰਿਹਾ ਸੀ, ਜਿਸ ਦੀ ਕਮਾਂਡ ਇਕ ਸੁਲਝਿਆ ਹੋਇਆ ਪਠਾਨ ਜਰਨੈਲ ਸੂਬੇਦਾਰ ਵਜ਼ੀਰ ਖਾਂ ਕਰ ਰਿਹਾ ਸੀ।”**

ਸਰਹਿੰਦ ਦਾ ਨਾਂ ਸੁਣਦਿਆਂ ਹੀ ਪੰਜਾਬ ਦੇ ਇਤਿਹਾਸ ਦਾ ਇਕ ਲਹੂ-ਭਿੱਜਿਆ ਕਾਂਡ ਸਾਡੇ ਜ਼ਿਹਨ ਵਿਚ ਉਭੱਰ ਆਉਂਦਾ ਹੈ। ਸਰਹਿੰਦ ਦੀ ‘ਖ਼ੂਨੀ ਦੀਵਾਨ’ ਸਾਡੀ ਚੇਤਨਾ ਦਾ ਵਿਹੜਾ ਮੱਲ ਖਲੋਂਦੀ ਹੈ - ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਵੱਲੋਂ ਜਿੰਦਾ ਦੀਵਾਰ ਵਿਚ ਚਿਣਵਾਏ ਜਾਣ ਦਾ ਦ੍ਰਿਸ਼ ਇਕਦਮ ਸਾਡੀਆਂ ਅੱਖਾਂ ਸਾਹਮਣੇ ਆ ਜਾਂਦਾ ਹੈ। ਸਿਰ ਸਿਜਦੇ ਵਿਚ ਝੁਕ ਜਾਂਦਾ ਹੈ।... ਫਿਰ ਇਸ ਦੁਖਾਂਤ ਤੋਂ ਉਪਜਿਆ ਦਰਦ, ਜੋ ਸਾਨੂੰ ਪੀੜ੍ਹੀ-ਦਰ-ਪੀੜ੍ਹੀ ਵਿਰਾਸਤ ਵਿਚ ਮਿਲਦਾ ਹੈ, ਇਕ ਲੰਮਾ ਹਾਉਕਾ ਬਣ ਕੇ ਹਿੱਕ ਨੂੰ ਚੀਰਦਾ ਹੋਇਆ ਬਾਹਰ ਨਿਕਲ ਜਾਂਦਾ ਹੈ। ਇਸ ਤੋਂ ਬਾਅਦ ਅੱਖਾਂ ਸਾਹਮਣੇ ਤਸਵੀਰ ਉਭਰਦੀ ਹੈ। ਬਾਬਾ ਬੰਦਾ ਸਿੰਘ ਬਹਾਦਰ ਦੀ ਅਤੇ ਨਾਲ਼ ਹੀ ਘਮਸਾਣ ਵਾਪਰਨ ਲੱਗਦਾ ਹੈ। ਇਸ ਘਮਸਾਣ ਵਿਚ ਸਾਕਾ ਸਰਹਿੰਦ ਦਾ ਮੁੱਖ ਦੋਸ਼ੀ ਸੂਬੇਦਾਰ ਵਜ਼ੀਰ ਖਾਂ ਮਾਰਿਆ ਜਾਂਦਾ ਹੈ ਅਤੇ ਸਰਹਿੰਦ ਦੀ ‘ਇੱਟ ਨਾਲ ਇੱਟ ਖੜਕਦੀ’ ਪ੍ਰਤੀਤ ਹੁੰਦੀ ਹੈ।

ਗੱਲ ਕੀ, ਬੰਦਾ ਬਹਾਦਰ ਵੱਲੋਂ ਸਰਹਿੰਦ ਦੀ ‘ਇੱਟ ਨਾਲ ਇੱਟ ਖੜਕਾਉਣ’ ਦੀ ਘਟਨਾ ਅਤੇ ਸਾਕਾ ਸਰਹਿੰਦ ਦਾ ਆਪਸ ਵਿਚ ਬੜਾ ਨੇੜਲਾ ਤੇ ਅਟੁੱਟ ਰਿਸ਼ਤਾ ਹੈ, ਕਿਉਂਕਿ ਸਾਕਾ ਸਰਹਿੰਦ ਦੇ ਪ੍ਰਤੀਕ੍ਰਮ ਵਜੋਂ ਹੀ ਬੰਦਾ ਬਹਾਦਰ, ਸੂਬਾ ਸਰਹਿੰਦ ਨੂੰ ਲੋਹੇ ਦਾ ਸੁਹਾਗਾ ਬਣ ਕੇ ਟੱਕਰਿਆ ਅਤੇ ਉਸ ਨੂੰ ਭੋਇੰ ਵਿਚ ਮਿਲਾ ਦਿੱਤਾ। ਕਿਸੇ ਕਵੀਸ਼ਰ ਨੇ ਖ਼ੂਬ ਕਿਹਾ ਹੈ :
“ਬੰਦਾ ਲੋਹੇ ਦਾ ਸੁਹਾਗਾ ਸੂਬਿਆ, ਤੇਰੀ ਦੇਵੇਗਾ ਓਏ ਅਲਖ ਮੁਕਾ।”
ਪ੍ਰਸਿੱਧ ਉਰਦੂ ਸ਼ਾਇਰ ਅੱਲ੍ਹਾ ਯਾਰ ਖ਼ਾਂ ਜੋਗੀ ਵੀ ਸਰਹਿੰਦ ਦੀ ਜਿੱਤ ਨੂੰ ਸਾਕਾ ਸਰਹਿੰਦ ਦਾ ਹੀ ਸਿੱਧਾ ਪ੍ਰਤੀਕ੍ਰਮ ਦੱਸਦਾ ਹੈ। ਸ਼ਿਅਰ ਹੈ :

**‘ਜੋਗੀ ਜੀ’ ਇਸ (ਸਾਕਾ ਸਰਹਿੰਦ) ਕੇ ਬਾਅਦ ਹੂਈ ਥੋੜ੍ਹੀ ਦੇਰ ਥੀ।**
**ਬਸਤੀ ਸਰਹਿੰਦ ਸ਼ਹਿਰ ਕੀ, ਈਟੋਂ ਕਾ ਢੇਰ ਥੀ।**

ਦਰਅਸਲ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਦਿਲ-ਕੰਬਾਊ



ਘਟਨਾ ਨੇ ਸਿੱਖ ਮਾਨਸਿਕਤਾ ’ਤੇ ਡੂੰਘਾ ਪੱਛ ਮਾਰਿਆ। ਬੇਸ਼ੱਕ ਗੁਰੂ ਗੋਬਿੰਦ ਸਿੰਘ ਅਡੋਲ ਰਹੇ, ਪਰ ਉਨ੍ਹਾਂ ਨੇ ਦੋਸ਼ੀ ਨੂੰ ਉਸ ਦੇ ਪਾਪ ਦੀ ਸਜ਼ਾ ਦੇਣ ਦਾ ਨਿਸ਼ਚਾ ਕਰ ਲਿਆ ਸੀ। ਉਧਰ, ਸਿੱਖਾਂ ਦੇ ਮਨਾਂ ਅੰਦਰ ਵੀ ਸਮੇਂ ਦੀ ਹਕੂਮਤ ਵਿਰੁੱਧ ਗੁੱਸੇ ਤੇ ਨਫ਼ਰਤ ਦੀ ਅੱਗ ਭੜਕ ਉਠੀ ਸੀ।

ਮੌਕਾ ਮਿਲਦਿਆ ਹੀ ਗੁਰੂ ਸਾਹਿਬ ਨੇ ਸਿੱਖਾਂ ਦੀ ਰਹਿਨੁਮਾਈ ਕਰਨ ਲਈ 3 ਸਤੰਬਰ, 1708 ਨੂੰ ਨੰਦੇੜ ਵਿਖੇ ਬੜੇ ਨਾਟਕੀ ਢੰਗ ਨਾਲ ਬੰਦਾ ਬਹਾਦਰ ਦੀ ਚੋਣ ਕੀਤੀ। ਗੁਰੂ ਸਾਹਿਬ ਨੇ ਬੰਦਾ ਬਹਾਦਰ (ਉਦੋਂ ਮਾਧੋ ਦਾਸ) ਨੂੰ ਅੰਮ੍ਰਿਤ ਛਕਾ ਕੇ ‘ਬਹਾਦੁਰ’ ਦਾ ਖ਼ਿਤਾਬ ਦੇ ਕੇ, ਪੰਜ ਪਿਆਰਿਆਂ ਦੀ ਅਗਵਾਈ ਹੇਠ ਪੰਜਾਬ ਵੱਲ ਕੂਚ ਕਰਨ ਦਾ ਹੁਕਮ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਅਕਤੂਬਰ 1708 ਦੇ ਆਸ-ਪਾਸ ਪੰਜਾਬ ਲਈ ਰਵਾਨਾ ਹੋਇਆ।

ਦਿੱਲੀ ਪਹੁੰਚਣ ਤੱਕ ਉਸ ਨਾਲ ਕੇਵਲ ਗਿਣਤੀ ਦੇ ਸਿੰਘ ਸਨ।



ਦਿੱਲੀ ਟੱਪਦਿਆਂ ਹੀ, ਗੁਰੂ ਸਾਹਿਬ ਦੇ ਹੁਕਮਨਾਮਿਆਂ ਅਤੇ ਬੰਦਾ ਬਹਾਦਰ ਦੀ ਚੁੰਬਕੀ ਖਿੱਚ ਕਰਨ, ਮਾਲਵਾ ਖੇਤਰ ਦੇ ਲਿਤਾੜੇ ਹੋਏ ਹਲ਼-ਵਾਹਕ ਵੱਡੀ ਗਿਣਤੀ ਵਿਚ ਉਸ ਦੇ ਝੰਡੇ ਹੇਠ ਇਕੱਠੇ ਹੋ ਗਏ। "ਛੇਤੀ ਹੀ ਪੈਦਲ ਸੈਨਿਕਾਂ ਦੀ ਗਿਣਤੀ 8,900 ਹੋ ਗਈ ਅਤੇ ਅੰਤ 40,000 ਤੱਕ ਪਹੁੰਚ ਗਈ।" ਡਾ. ਗੋਕਲ ਚੰਦ ਨਾਰੰਗ। ਘੋੜ-ਸਵਾਰ ਸੈਨਿਕਾਂ ਦੀ ਗਿਣਤੀ ਬਾਰੇ ਮੁਹੰਮਦ ਕਾਸਮ ਲਿਖਦਾ ਹੈ ਕਿ "ਥੋੜ੍ਹੇ ਅਰਸੇ ਦੌਰਾਨ ਹੀ ਬੰਦਾ ਬਹਾਦਰ ਦੀ ਕਮਾਨ ਹੇਠ 4,000 ਘੋੜ-ਸਵਾਰ ਇਕੱਠੇ ਹੋ ਗਏ।"

ਬੰਦਾ ਬਹਾਦਰ ਦਾ ਸਿਦਕ, ਜੋਸ਼, ਹੌਂਸਲਾ ਤੇ ਗਤੀ ਬੇਮਿਸਾਲ ਸੀ। ਉਹ ਜਿੱਧਰ ਨੂੰ ਵੀ ਹੋ ਤੁਰਿਆ, ਰਸਤਾ ਬਣਦਾ ਗਿਆ। ਸੋਨੀਪਤ, ਕੈਂਥਲ, ਸਮਾਣਾ, ਘੁੜਾਮ, ਠਸਕਾ, ਮੁਸਤਫ਼ਾਬਾਦ, ਕਪੂਰੀ, ਸਢੌਰਾ ਤੇ ਬਨੂੜ ਨੂੰ ਫ਼ਤਹਿ ਕਰਨ ਉਪਰੰਤ ਸਿੱਖ ਆਪਣੇ ਮੁੱਖ ਨਿਸ਼ਾਨੇ-ਸਰਹਿੰਦ 'ਤੇ ਜ਼ੋਰਦਾਰ ਹੱਲਾ ਬੋਲਣ ਲਈ ਕਚੀਚੀਆਂ ਲੈਣ ਲੱਗੇ। ਖਰੜ ਤੇ ਬਨੂੜ ਵਿਚਕਾਰ ਸਿੱਖਾਂ ਦਾ ਇਕ ਸ਼ਕਤੀਸ਼ਾਲੀ ਜਥਾ, ਜੋ ਕੀਰਤਪੁਰ ਵੱਲੋਂ ਜਿੱਤਾਂ ਪ੍ਰਾਪਤ ਕਰਦਾ ਆ ਰਿਹਾ ਸੀ, ਬੰਦਾ ਬਹਾਦਰ ਦੇ ਦਲ ਨਾਲ ਆ ਰਲ਼ਿਆ। ਸਿੱਖਾਂ ਦੇ ਹੌਂਸਲੇ ਹੋਰ ਬੁਲੰਦ ਹੋ ਗਏ ਅਤੇ ਸੂਬਾ ਸਰਹਿੰਦ ਨਾਲ ਉਚੇਚੇ ਤੌਰ 'ਤੇ ਸਿੱਝਣ ਲਈ ਉਨ੍ਹਾਂ ਨੇ ਚੱਪੜਚਿੜੀ ਦਾ ਮੈਦਾਨ ਆ ਮੱਲਿਆ। ਪਰ ਬੰਦਾ ਬਹਾਦਰ ਲਈ ਇਹ ਇਕ ਇਮਤਿਹਾਨ ਦੀ ਘੜੀ ਸੀ। ਹੁਣ ਉਹ ਇਕ ਸ਼ਕਤੀਸ਼ਾਲੀ ਫ਼ੌਜ ਨਾਲ ਸਾਹਮਣਿਉਂ ਟੱਕਰ ਲੈ ਰਿਹਾ ਸੀ, ਜਿਸ ਦੀ ਕਮਾਂਡ ਇਕ ਸੁਲਝਿਆ ਹੋਇਆ ਪਠਾਨ ਜਰਨੈਲ ਸੂਬੇਦਾਰ ਵਜ਼ੀਰ ਖਾਂ ਕਰ ਰਿਹਾ ਸੀ।

ਸੂਬੇਦਾਰਵ ਜ਼ੀਰਖ ਾਂਲ ਗਪਗ2 0ਹ ਜ਼ਾਰਪ ੈਦਲ/ਘੋੜ-ਸਵਾਰ ਸੈਨਿਕਾਂ, ਵੱਡੀ ਗਿਣਤੀ ਵਿਚ ਤੋਪਾਂ ਤੇ ਹਾਥੀ ਲੈ ਕੇ ਸਿੱਖਾਂ ਦੇ ਤੂਫ਼ਾਨ ਨੂੰ ਰੋਕਣ ਲਈ ਅੱਗੇ ਵਧਿਆ। ਬਹੁਤ ਸਾਰੀਆਂ ਜੰਗਾਂ ਦੇ ਜੇਤੂ ਵਜ਼ੀਰ ਖਾਂ ਨੇ ਇਕ ਪਾਸੇ ਤੋਪਾਂ ਬੀੜ ਦਿੱਤੀਆਂ, ਦੂਜੇ ਪਾਸੇ ਕੰਧ ਵਾਂਗ ਹਾਥੀ ਖੜ੍ਹੇ ਕਰ ਦਿੱਤੇ, ਤੀਜੇ ਪਾਸੇ ਨਵਾਬਾਂ ਦੀ ਫ਼ੌਜ ਖੜ੍ਹੀ ਕਰ ਦਿੱਤੀ ਅਤੇ ਚੌਥੇ ਪਾਸੇ ਆਪਣੇ ਆਲ਼ੇ-ਦੁਆਲੇ ਛੋਟੀਆਂ ਤੋਪਾਂ ਬੀੜ ਕੇ, ਆਪ ਗਾਜ਼ੀਆਂ ਦੇ ਵਿਚਕਾਰ ਇਕ ਉਚੇ ਹਾਥੀ ਉਤੇ ਚੜ੍ਹ ਗਿਆ। ਗ਼ੌਰਤਲਬ ਹੈ ਕਿ ਬੰਦਾ ਬਹਾਦਰ ਕੋਲ ਨਾ ਕੋਈ ਤੋਪਖਾਨਾ ਸੀ ਅਤੇ ਨਾ ਹੀ ਹਾਥੀ ਸਨ, ਇਥੋਂ ਤੱਕ ਕਿ ਚੰਗੇ ਘੋੜੇ ਵੀ ਕਾਫ਼ੀ ਗਿਣਤੀ ਵਿਚ ਨਹੀਂ ਸਨ। ਸਿੰਘਾਂ ਕੋਲ ਕੇਵਲ ਲੰਬੇ ਨੇਜ਼ੇ, ਤੀਰ ਅਤੇ ਤਲਵਾਰਾਂ ਹੀ ਸਨ, ਪਰ ਸਿਦਕ ਉਨ੍ਹਾਂ ਦੇ ਹੱਡੀਂ ਰਚਿਆ ਹੋਇਆ ਸੀ।

12 ਮਈ, 1710 ਨੂੰ ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਚੱਪੜਚਿੜੀ ਦੇ ਮੈਦਾਨ ਵਿਚ ਇਕ ਫੈਸਲਾਕੁੰਨ ਯੁੱਧ ਹੋਇਆ। ਜੰਗ ਦੇ ਪਹਿਲੇ ਪੜਾਅ ਵਿਚ ਸ਼ਾਹੀ ਫ਼ੌਜਾਂ ਦਾ ਪੱਲੜਾ ਭਾਰੀ ਰਿਹਾ। ਬਾਜੀ ਜਾਂਦੀ ਵੇਖ ਕੇ, ਨਿਰਲੱਗ ਬੈਠਾ ਬੰਦਾ ਬਹਾਦਰ ਝੱਟ ਆਪਣੀ ਸੈਨਾ ਦੀਆਂ ਮੂਹਰਲੀਆਂ ਕਤਾਰਾਂ ਵਿਚ ਆ ਗਿਆ। ਪ੍ਰਸਿੱਧ ਇਤਿਹਾਸਕਾਰ ਸੋਹਣ ਸਿੰਘ ਅਨੁਸਾਰ – "ਤਦ ਬੰਦਾ ਬਹਾਦਰ ਉਠਿਆ, ਜਿਵੇਂ ਭੁੱਖਾ ਸ਼ੇਰ ਆਪਣੀ ਗੁਫ਼ਾ ਵਿਚੋਂ ਨਿਕਲਿਆ ਹੋਵੇ ਅਤੇ ਬਿਜਲੀ ਵਾਂਗ ਵੈਰੀ ਦੀ ਸੈਨਾ 'ਤੇ ਟੁੱਟ ਪਿਆ।" ਖ਼ੂਨ-ਡੋਲਵੀਂ ਲੜਾਈ ਵਿਚ ਸੂਬੇਦਾਰ ਵਜ਼ੀਰ ਖਾਂ ਮਾਰਿਆ ਗਿਆ। ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੇ "ਮਾਰ ਵਜੀਦੇ ਖ਼ਾਂ ਨੂੰ, ਧਰਤੋਂ ਭਾਰੀ ਪੰਡ ਉਤਾਰੀ।" ਹਰਸਾ ਸਿੰਘ ਚਾਤਰ। ਗੱਲ ਕੀ, ਬੰਦਾ ਬਹਾਦਰ ਨੇ ਪੰਜਾਬ ਦੀ ਧਰਤੀ ਤੋਂ ਜ਼ੁਲਮ ਤੇ ਜ਼ਬਰ ਨੂੰ ਜੜ੍ਹੋਂ ਪੁੱਟਣ ਲਈ ਚੱਪੜਚਿੜੀ ਦੇ ਮੈਦਾਨ ਵਿਚ ਉਸੇ ਕ੍ਰੋਧ ਨਾਲ ਖੰਡਾ ਖਿੱਚਿਆ ਜਿਸ ਕ੍ਰੋਧ ਨਾਲ ਭਾਰਤੀ ਮਿਥਿਹਾਸ ਅਨੁਸਾਰ ਪਰਸਰਾਮ ਨੇ ਕਸ਼ੱਤਰੀ ਰਾਜਿਆਂ-ਮਹਾਰਾਜਿਆਂ ਵਿਰੁੱਧ ਖੜਗ ਖਿੱਚੀ ਸੀ।

14 ਮਈ, 1710 ਨੂੰ ਸਿੱਖ ਜੇਤੂਆਂ ਦੀ ਸ਼ਕਲ ਵਿਚ ਸਰਹਿੰਦ ਵਿਚ ਦਾਖ਼ਲ ਹੋਏ। ਸ਼ਾਹੀ ਅਮੀਰਾਂ ਨੂੰ ਲੁੱਟਿਆ ਗਿਆ ਅਤੇ ਦੋਸ਼ੀਆਂ ਦਾ ਅਜਿਹਾ ਹਾਲ ਕੀਤਾ ਕਿ ਜ਼ੁਲਮ ਕਰਨ ਵਾਲੀਆਂ ਪੀੜ੍ਹੀਆਂ ਨੂੰ ਸਦਾ ਯਾਦ ਰਹੇਗਾ।

ਸਰਹਿੰਦ 'ਤੇ ਕਾਬਜ਼ ਹੋਣ ਉਪਰੰਤ ਬੰਦਾ ਬਹਾਦਰ ਨੇ ਆਪਣੇ ਇਕ ਪ੍ਰਮੁੱਖ ਜਰਨੈਲ ਭਾਈ ਬਾਜ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਨਿਯੁਕਤ ਕੀਤਾ ਅਤੇ ਭਾਈ ਆਲੀ ਸਿੰਘ ਨੂੰ ਉਸ ਦਾ ਡਿਪਟੀ ਥਾਪਿਆ। ਬੰਦਾ ਬਹਾਦਰਨ ੇਸ ਢੌਰਾਤ ੇਨ ਾਹਨ ਿਵਚਕਾਰਮ_ਖਲਿਸਗੜ੍ਹਨੂੰ ਅ ਾਪਣੀ ਰਾਜਧਾਨੀ ਬਣਾਇਆ ਅਤੇ ਇਸ ਨੂੰ 'ਲੋਹਗੜ੍ਹ' ਦਾ ਨਾਂ ਦਿੱਤਾ। ਇਸੇ ਚੜ੍ਹਤ ਦੌਰਾਨ ਉਸ ਨੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਨਾਂ 'ਤੇ ਸਿੱਕਾ ਜਾਰੀ ਕਰਕੇ ਸੁਤੰਤਰ ਸਿੱਖ ਰਾਜ ਦੀ ਘੋਸ਼ਣਾ ਕਰ ਦਿੱਤੀ।

ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਸੱਤ ਸੌ ਸਾਲਾਂ ਤੋਂ ਪਏ ਗ਼ੁਲਾਮੀ ਦੇ ਜੁਲ਼ੇ ਨੂੰ ਪੰਜਾਬ ਦੇ ਗਲੋਂ ਲਾਹੁਣ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਇਤਿਹਾਸ ਕੁਝ ਸਮੇਂ ਲਈ ਸਿੱਖਾਂ ਦੇ ਹੱਥਾਂ ਵਿਚ 'ਪਾਲਤੂ' ਬਣ ਗਿਆ। ਇਸ ਤਵਾਰੀਖ਼ੀ ਸੱਚਾਈ 'ਤੇ ਅੱਲ੍ਹਾ ਯਾਰ ਖ਼ਾਂ ਜੋਗੀ ਆਪਣੀ ਮੋਹਰ ਇਉਂ ਲਗਾਉਂਦਾ ਹੈ: "ਜੋਗੀ ਜੀ ਕਹੋ ਪੰਥ ਸੇ, ਅਬ ਫ਼ਤਹਿ ਪੁਕਾਰੇ।"

ਇਹ ਸਰਹਿੰਦ ਦੀ ਜਿੱਤ ਦਾ ਹੀ ਸਿੱਟਾ ਸੀ ਕਿ ਇਕ 'ਬਚੂੰਗੜੀ' ਕੌਮ ਨੇ ਅਚਾਨਕ ਕੱਦ ਕੱਢਿਆ ਅਤੇ ਭਾਰਤ ਦੇ ਨਕਸ਼ੇ 'ਤੇ ਪਹਿਲੀ ਵਾਰ ਇਕ ਰਾਜਸੀ ਤਾਕਤ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਈ। ਇਸ ਤੋਂ ਬਾਅਦ ਸਿੱਖ ਮਿਸਲਾਂ, ਸਿੱਖ ਰਿਆਸਤ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਵਿਸ਼ਾਲ ਸਲਤਨਤ ਹੋਂਦ ਵਿਚ ਆਈ। ਨਿਰਸੰਦੇਹ, ਬੰਦਾ ਬਹਾਦਰ ਦੀ ਕਮਾਨ ਹੇਠ ਸਿੱਖਾਂ ਦਾ ਸਰਹਿੰਦ 'ਤੇ ਕਬਜ਼ਾ, ਸਿੱਖ ਰਾਜ ਦੇ ਨੀਂਹ-ਪੱਥਰ ਦੀ ਹੈਸੀਅਤ ਰੱਖਦਾ ਹੈ।

# "ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿਚ ਪੰਜਾਬ ਚਿਤ੍ਰਨ"

**"ਪ੍ਰੋ. ਪੂਰਨ ਸਿੰਘ ਦੇ ਖੁਲ੍ਹੇ ਮੈਦਾਨਾਂ ਵਿਚ, ਖੁਲ੍ਹੇ ਘੁੰਢ ਫਿਰਦੀ, ਕਿਸੇ ਭਰ ਜੋਬਨ ਤੇ ਅੱਲੜ੍ਹ ਮੁਟਿਆਰ ਵਾਂਗ ਢਾਕਾਂ ਉਤੇ ਹੱਥ ਰੱਖੀ ਖੁਲ੍ਹੇ ਅਸਮਾਨੀ ਰੰਗਾਂ ਨੂੰ ਨੀਝਾਂ ਤੇ ਰੀਝਾਂ ਲਾ ਲਾ ਤੱਕਣਾ ਲੋਚਦਾ ਹੈ। ਇਨ੍ਹਾਂ ਦੇ ਇਨ੍ਹਾਂ ਤਿੰਨਾਂ ਹੀ ਕਾਵਿ-ਸੰਗ੍ਰਹਿਆਂ ਨਾਲ ਜੁੜਿਆ 'ਖੁਲ੍ਹਾ' ਸ਼ਬਦ ਆਪਣੇ ਆਪ ਵਿਚ ਪੰਜਾਬ ਅਤੇ ਪੰਜਾਬੀਆਂ ਦੇ ਖੁਲ੍ਹੇ-ਡੁਲ੍ਹੇ ਸੁਭਾਅ ਦਾ ਪ੍ਰਤੀਕ ਹੈ। 'ਖੁਲ੍ਹੇ ਮੈਦਾਨ' ਕਾਵਿ-ਸੰਗ੍ਰਹਿ ਵਿਚਲਾ ਭਾਗ 'ਦੇਸ਼ ਪਿਆਰ ਪੰਜਾਬ ਮੇਰਾ' ਸਾਰੇ ਦਾ ਸਾਰਾ ਇਸ ਪੰਜ-ਆਬਾਂ ਵਾਲੀ ਧਰਤੀ ਸੰਬੰਧੀ ਹੈ, ਜਿਸ ਵਿਚੋਂ ਸੋਹਣੀ ਦਾ ਬੁੱਤ, ਖੂਹ ਉੱਤੇ, ਪੰਜਾਬ ਦੀ ਅਹੀਰਣ ਇਕ ਗੋਹੇ ਥਪਦੀ, ਹਲ ਵਾਹੁਣ ਵਾਲੇ, ਪੰਜਾਬ ਦੇ ਦਰਿਆ, ਦੇਸ਼ ਨੂੰ ਅਸੀਸ ਸਾਡੀ ਗਰੀਬਾਂ ਦੀ, ਪੰਜਾਬ ਨੂੰ ਕੂਕਾਂ ਮੈਂ, ਪੁਰਾਣੇ ਪੰਜਾਬ ਨੂੰ ਅਵਾਜ਼ਾਂ, ਅਤੇ ਜਵਾਨ ਪੰਜਾਬ ਦੇ, ਆਦਿ-ਕਵਿਤਾਵਾਂ ਵਿਚ ਕਵੀ ਨੇ ਇਕ ਬੜੇ ਹੀ ਸੁਚੱਜੇ ਅਤੇ ਸਿੱਧ-ਹਸਤ ਕਲਾਕਾਰ ਵਾਂਗ ਬੁਰਸ਼ ਰੂਪੀ ਕਲਮ ਦੀਆਂ ਅਤਿ ਬਰੀਕ ਸੂਖ਼ਸ਼ਮ ਅਤੇ ਅਨੁਭਵੀ ਛੋਹਾਂ ਅਤੇ ਟੋਹਾਂ ਨਾਲ ਪੰਜਾਬ ਦਾ ਬਹੁਭਾਂਤੀ ਸਚਿਤ੍ਰ ਚਿਤ੍ਰ ਸਿਰਜ ਕੇ ਇਥੋਂ ਦਾ ਜੀਉਂਦਾ ਜਾਗਦਾ ਤੇ ਧੜਕਦਾ ਪ੍ਰਾਕਿਰਤਕ ਜੀਵਨ ਪੇਸ਼ ਕੀਤਾ ਹੈ।"**



ਪ੍ਰੋਫੈਸਰ ਪੂਰਨ ਸਿੰਘ ਜੀ




ਪ੍ਰਿੰ. ਪ੍ਰੀਤਮ ਸਿੰਘ ਸਰਗੋਧੀਆ
ਪੀ.ਈ.ਐਸ.-1
ਸੇਵਾ ਮੁਕਤ ਕਾਲਜ ਪ੍ਰਿੰਸੀਪਲ
98153-03206


ਪੰਜਾਬੀ ਕਿੱਸਾ ਕਾਵਿ ਦੇ ਆਦਿ ਕਵੀ ਦਮੋਦਰ ਦੀ ਕਾਵਿ-ਪ੍ਰਤਿਭਾ ਨੇ ਜਿੱਥੇ ਹੀਰ ਰਾਂਝੇ ਦੇ ਮਹਾਂਕਾਵਿ ਨੂੰ ਸਿਰਜਿਤ ਕੀਤਾ, ਉੱਥੇ ਨਾਲ ਹੀ ਪੰਜਾਬ ਦਾ ਚਿਤ੍ਰਨ ਕਰਦਿਆਂ ਸਮਕਾਲੀ ਪੰਜਾਬ ਦੀ ਭੂਗੋਲਿਤ ਤੇ ਇਤਿਹਾਸਿਕ ਸਥਿਤੀ ਅਤੇ ਭਾਈਚਾਰਕ ਸਾਂਝ ਨੂੰ ਭਲੀਭਾਂਤ ਉਜਾਗਰ ਕੀਤਾ ਹੈ। ਇਸ ਪਿੜ ਦੇ ਮਹਾਂਰਥੀ ਵਾਰਿਸ ਸ਼ਾਹ ਨੇ ਆਪਣੇ ਸ਼ਾਹਕਾਰ 'ਹੀਰ-ਰਾਂਝੇ' ਦੇ ਕਿੱਸੇ ਵਿਚ ਪੰਜਾਬ ਦੇ ਕਲ ਕਲ ਕਰਦੇ ਵਹਿੰਦੇ ਦਰਿਆਵਾਂ ਕੰਢੇ ਉੱਗੇ ਘਣੇ ਜੰਗਲਾਂ ਬੇਲਿਆਂ ਵਿਚ ਮੰਗੂ ਚਾਰਦੇ ਪਾਲੀਆਂ ਦੇ ਬਹੁ-ਰੰਗੇ ਜੀਵਨ ਦਾ ਰੁਮਾਂਚਿਕ ਕਾਵਿਕ ਤੇ ਭਾਵੁਕ ਵਰਨਣ ਕਰਕੇ ਸਮਕਾਲੀ ਪੰਜਾਬ ਦਾ ਹੂ-ਬ-ਹੂ ਚਿਤਰ ਪਾਠਕਾਂ ਦੀਆਂ ਅੱਖਾਂ ਅੱਗੇ ਪ੍ਰਸਤੁਤ ਕਰ ਦਿੱਤਾ ਹੈ। ਉਥੇ ਪ੍ਰੋ. ਪੂਰਨ ਸਿੰਘ ਵੀ ਇਸ ਸਾਹਿਤਕ-ਅਸ਼ਵਮੇਧ-ਯੱਗ ਵਿਚ ਯੋਗਦਾਨ ਪਾਉਣ ਸਮੇਂ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਨੂੰ ਆਪਣੇ ਕਾਵਿ ਦੀ ਪ੍ਰਿਸ਼ਠਭੂਮੀਂ ਵਿਚ ਰੱਖ ਕੇ ਚਿਤ੍ਰਨ ਵਿਚ ਦਮੋਦਰ ਅਤੇ ਵਾਰਿਸ ਦੇ ਵਾਰਿਸ ਬਣਨ ਵਿਚ ਕਿਸੇ ਗੱਲੋਂ ਪਿੱਛੇ ਨਹੀਂ ਰਹਿੰਦਾ, ਸਗੋਂ ਦੋਹਾਂ ਤੋਂ ਹੀ ਬਾਜ਼ੀ ਲੈ ਜਾਂਦਾ ਹੈ, ਜਿਸ ਦਾ ਪੰਜਾਬ-ਚਿਤ੍ਰਨ ਨਾ ਕੇਵਲ ਵਿਸ਼ਲੇਸ਼ਣਾਤਮਿਕ ਹੀ ਰਹਿੰਦਾ ਹੈ, ਸਗੋਂ ਸੰਸ਼ਲੇਸ਼ਣਾਤਮਿਕ ਵੀ ਹੋ ਨਿਬੜਦਾ ਹੈ।

**ਕਿਹੜਾ ਹੈ ਉਹ ਪੰਜਾਬੀ ਪਾਠਕ, ਜੋ ਇਨ੍ਹਾਂ ਦੀ ਨਿਮਨਾਂਕਤ ਕਾਵਿ-ਸਤਰ ਪੜ੍ਹ ਕੇ ਸੂਫੀਆਂ ਵਾਂਗ ਨਸ਼ਿਆਂ ਕੇ ਗਾਉਂਦਾ ਹੋਇਆ ਨਾ ਨੱਚ ਉੱਠੇ:**

**'ਉਏ ! ਪੰਜਾਬ ਵਿਚ ਜੰਮਣਾ ਅਮੁੱਲ ਜਿਹੀ ਚੀਜ਼ ਹੈ।'**

ਪੰਜਾਬ ਦੇ ਇਸ ਟੈਗੋਰ ਅਤੇ ਵਾਲਟਵਿਟਮੈਨ ਨੂੰ ਪੰਜਾਂ ਦਰਿਆਵਾਂ ਦੀ ਮੁਤਬੱਰਕ ਧਰਤੀ 'ਤੇ ਜਨਮ ਲੈਣਾ, ਅਮੁੱਲ ਜਿਹੀ ਚੀਜ਼ ਲੱਗੇ ਵੀ ਕਿਉਂ ਨਾ? ਜਿਸ ਦੀ ਪਾਕ ਧਰਤੀ ਨੇ ਇਨ੍ਹਾਂ ਨੂੰ ਅੱਜ ਤੋਂ ਲਗਪਗ 135 ਸਾਲ ਪਹਿਲਾਂ ਜਨਮ ਦਿੱਤਾ ਸੀ, ਜਿਸ ਦੀਆਂ ਵਰੋਸਾਈਆਂ ਹੋਈਆਂ ਕੁਦਰਤੀ ਦੌਲਤਾਂ ਨਾਲ ਫੁਲਣ ਫਲਣ ਉਪਰੰਤ ਜੀਵਨ ਵਿਚ ਪ੍ਰਵਾਨ ਚੜ੍ਹੇ। ਜਿੱਥੇ ਇਨ੍ਹਾਂ ਦੇ ਬਚਪਨ ਦੇ ਸੁਪਨੇ, ਜੁਆਨੀ ਦੀਆਂ ਖੱਟੀਆਂ-ਮਿੱਠੀਆਂ ਯਾਦਾਂ ਬਣੇ, ਜਿੱਥੇ ਦੀ ਸਭਿਅਤਾ, ਸੱਭਿਆਚਾਰ ਅਤੇ ਧਰਮ ਨੂੰ ਤਿਲਾਂਜਲੀ ਦੇ ਕੇ ਪਹਿਲਾਂ ਬੋਧੀ-ਭਿਖ਼ਸ਼ੂ ਅਤੇ ਫਿਰ ਰਾਮ ਤੀਰਥ ਦੇ ਤਿਆਗਵਾਦੀ

ਸੰਸਕਾਰਾਂ ਦੇ ਕਾਇਲ ਹੋ ਕੇ ਆਜ਼ਾਦ ਪੰਛੀਆਂ ਵਾਂਗ ਸਿੱਖ ਧਰਮ ਦੇ ਗਗਨਾਂ ਵਿਚੋਂ ਉਡਾਰੀਆਂ ਮਾਰ ਪਲਾਇਨ ਕਰ ਗਿਆ ਪਰੰਤੂ ਭਾਈ ਵੀਰ ਦੇ ਨਿਰੰਤਰ ਯਤਨਾਂ ਨਾਲ ਮੁੜ ਸਿੱਖੀ ਵਿਚ ਪ੍ਰਵੇਸ਼ ਕਰ ਲਿਆ। ਗੁਰੂ ਘਰ ਤੋਂ ਚਿਰੀਂ ਵਿਛੜੇ ਰਹਿਣ ਕਰਕੇ ਬੰਜਰ ਹੋ ਚੁੱਕਾ ਮਨ ਇਕਦਮ ਕਾਵਿ ਸੰਚਾਰ ਵਿਚ ਵਹਿ ਤੁਰਿਆ।

ਅਖ਼ੀਰ ਇਕ ਉਹ ਸੁਭਾਗੀ ਘੜੀ ਆਈ, ਜਿਹੜੀ ਇਨ੍ਹਾਂ ਨੂੰ ਮਾਂ ਬੋਲੀ ਦੇ ਇਕ ਸਿਰਮੌਰ ਕਵੀ ਹੋਣ ਦੇ ਨਾਲ-ਨਾਲ ਇਕ ਵਿਸ਼ਵ ਨਾਗਰਿਕ ਹੋਣ ਦਾ ਮਾਣ ਵੀ ਪ੍ਰਦਾਨ ਕਰ ਗਈ।

ਪਰੰਤੂ ਇਨ੍ਹਾਂ ਨੂੰ ਇਸ ਸਮੁੱਚੀ ਆਨ-ਸ਼ਾਨ ਅਤੇ ਬਾਨ ਦਾ ਸੁਆਮੀ ਬਨਾਉਣ ਵਿਚ ਸ਼ਾਇਦ ਸਭ ਤੋਂ ਵੱਡਾ ਹੱਥ ਉਨ੍ਹਾਂ ਦੀ ਕਵਿਤਾ ਵਿਚ ਅਭਿਵਿਅਕਤ ਕੀਤੇ ਅਤੇ ਚਿਤਰੇ ਹੋਏ ਪੰਜਾਬ ਪੰਜਾਬੀ ਜਨ ਜੀਵਨ ਪੰਜਾਬੀ-ਰਹਿਤਲ ਅਤੇ ਪੰਜਾਬੀ ਵਿਰਸੇ ਦਾ ਹੈ।

ਜਿਸ ਤਰ੍ਹਾਂ ਕਿਸੇ ਘਰ ਦੀ ਸਹੀ ਤਰਜਮਾਨ ਉਸ ਦੀ ਡਿਉਡੀ ਹੁੰਦੀ ਹੈ, ਉਸੇ ਤਰ੍ਹਾਂ ਇਨ੍ਹਾਂ ਦੀਆਂ ਨਿਮਨਾਂਕਤ ਕਾਵਿ-ਸਤਰਾਂ ਪੰਜਾਬ ਦੇ ਵਿਲੱਖਣ ਅਤੇ ਨਿਰਮਲ ਪੌਣ ਪਾਣੀ ਨੂੰ ਬਾਖ਼ੂਬੀ ਪੇਸ਼ ਕਰਦੀਆਂ ਹਨ :-

**'ਓਏ ! ਕਿਧਰੇ ਨਹੀਂ ਲਗਦੀ, ਹਵਾ ਠੰਡੀ ਪੰਜਾਬ ਵਾਲੀ।**
**ਕਿਧਰੇ ਦਾ ਪਾਣੀ ਨਾ ਮੈਨੂੰ, ਇਹੋ ਜਿਹਾ ਮਿੱਠਾ ਤੇ ਮਾਫ਼ਕ।**

**(ਪੰਜਾਬ ਦੀ ਅਹੀਰਣ ਇਕ)**

ਇਸ ਤਰ੍ਹਾਂ ਦੀ ਫੱਕਰ ਅਤੇ ਅਲਮਸਤ ਤਬ੍ਹਾ ਵਾਲਾ ਕੇਵਲ ਪ੍ਰੋ. ਪੂਰਨ ਸਿੰਘ ਹੀ ਹੋ ਸਕਦਾ ਹੈ, ਜਿਸ ਦੇ ਕੰਨਾਂ ਵਿਚ ਪੰਜਾਬ ਸ਼ਬਦ ਦੀ ਮਧੁਰ ਧਵੰਨੀ ਪੈਂਦਿਆਂ ਸਾਰ ਉਸ ਨੂੰ ਅਕਹਿ ਖ਼ੁਸ਼ੀ ਅਤੇ ਅਥਾਹ ਜੋਸ਼ ਨੱਚਨ-ਟੱਪਣ ਤੋਂ ਅਤਿਰਿਕਤ ਗਲ ਪਾਏ ਕੱਪੜੇ ਵੀ ਪਾੜ ਪਾੜ ਸੁੱਟਣ ਲਈ ਮਜਬੂਰ ਕਰ ਦਿੰਦਾ ਹੈ। ਸ਼ਾਇਦ ਇਸੇ ਕਰਕੇ ਹੀ 'ਪੰਜਾਬੀ' ਪਹਿਲਾਂ ਹਨ, ਕਵੀ, ਵਿਗਿਆਨੀ ਅਤੇ ਚਿੰਤਕ ਬਾਅਦ ਵਿਚ।

ਪ੍ਰੋ. ਪੂਰਨ ਸਿੰਘ ਦੇ ਖੁਲ੍ਹੇ ਮੈਦਾਨਾਂ ਵਿਚ, ਖੁਲ੍ਹੇ ਘੁੰਢ ਫਿਰਦੀ, ਕਿਸੇ ਭਰ ਜੋਬਨ ਤੇ ਅੱਲੜ੍ਹ ਮੁਟਿਆਰ ਵਾਂਗ ਢਾਕਾਂ ਉਤੇ ਹੱਥ ਰੱਖੀ ਖੁਲ੍ਹੇ ਅਸਮਾਨੀ ਰੰਗਾਂ ਨੂੰ ਨੀਝਾਂ ਤੇ ਰੀਝਾਂ ਲਾ ਲਾ ਤੱਕਣਾ ਲੋਚਦਾ ਹੈ। ਇਨ੍ਹਾਂ ਦੇ ਇਨ੍ਹਾਂ ਤਿੰਨਾਂ ਹੀ ਕਾਵਿ-ਸੰਗ੍ਰਹਿਆਂ ਨਾਲ ਜੁੜਿਆ 'ਖੁਲ੍ਹਾ' ਸ਼ਬਦ ਆਪਣੇ ਆਪ ਵਿਚ ਪੰਜਾਬ ਅਤੇ ਪੰਜਾਬੀਆਂ ਦੇ ਖੁਲ੍ਹੇ-ਡੁਲ੍ਹੇ ਸੁਭਾਅ ਦਾ ਪ੍ਰਤੀਕ ਹੈ।

'ਖੁਲ੍ਹੇ ਮੈਦਾਨ' ਕਾਵਿ-ਸੰਗ੍ਰਹਿ ਵਿਚਲਾ ਭਾਗ 'ਦੇਸ਼ ਪਿਆਰ ਪੰਜਾਬ ਮੇਰਾ' ਸਾਰੇ ਦਾ ਸਾਰਾ ਇਸ ਪੰਜ-ਆਬਾਂ ਵਾਲੀ ਧਰਤੀ ਸੰਬੰਧੀ ਹੈ, ਜਿਸ ਵਿਚੋਂ ਸੋਹਣੀ ਦਾ ਬੁੱਤ, ਖੂਹ ਉੱਤੇ, ਪੰਜਾਬ ਦੀ ਅਹੀਰਣ ਇਕ ਗੋਹੇ ਥਪਦੀ, ਹਲ ਵਾਹੁਣ ਵਾਲੇ, ਪੰਜਾਬ ਦੇ ਦਰਿਆ, ਦੇਸ਼ ਨੂੰ ਅਸੀਸ ਸਾਡੀ ਗਰੀਬਾਂ ਦੀ, ਪੰਜਾਬ ਨੂੰ ਕੂਕਾਂ ਮੈਂ, ਪੁਰਾਣੇ ਪੰਜਾਬ ਨੂੰ ਅਵਾਜ਼ਾਂ, ਅਤੇ ਜਵਾਨ ਪੰਜਾਬ ਦੇ, ਆਦਿ-ਕਵਿਤਾਵਾਂ ਵਿਚ ਕਵੀ ਨੇ ਇਕ ਬੜੇ ਹੀ ਸੁਚੱਜੇ ਅਤੇ ਸਿੱਧ-ਹਸਤ ਕਲਾਕਾਰ ਵਾਂਗ ਬੁਰਸ਼ ਰੂਪੀ ਕਲਮ ਦੀਆਂ ਅਤਿ ਬਰੀਕ ਸੂਖ਼ਸ਼ਮ ਅਤੇ ਅਨੁਭਵੀ ਛੋਹਾਂ ਅਤੇ ਟੋਹਾਂ ਨਾਲ ਪੰਜਾਬ ਦਾ ਬਹੁਭਾਂਤੀ ਸਚਿਤ੍ਰ ਚਿਤ੍ਰ ਸਿਰਜ ਕੇ ਇਥੋਂ ਦਾ ਜੀਉਂਦਾ ਜਾਗਦਾ ਤੇ ਧੜਕਦਾ ਪ੍ਰਾਕਿਰਤਕ ਜੀਵਨ ਪੇਸ਼ ਕੀਤਾ ਹੈ।

ਧਨੀ ਰਾਮ ਚਾਤ੍ਰਿਕ ਨੇ ਵੀ ਇਸ ਵਿਸ਼ੇ ਸੰਬੰਧੀ ਬਹੁਤ ਕੁਝ ਕਾਵਿ-ਬੱਧ ਕੀਤਾ ਹੈ ਪਰੰਤੂ ਪੰਜਾਬ ਦੇ ਗੌਰਵ ਨੂੰ ਵਡਿਆਉਂਦਿਆਂ ਹੋਇਆਂ, ਜਿੱਥੇ ਉਹ ਇਸ ਨੂੰ ਪਹਿਲਾਂ 'ਭਾਰਤ ਦੇ ਸਿਰ ਦਾ ਛਤਰ' ਕਹਿੰਦੇ ਹਨ, ਉਥੇ ਨਾਲ ਹੀ ਹਿਮਾਲਾ ਨੂੰ ਇਸ ਦਾ ਛਤਰ ਕਹਿ ਕੇ ਪੰਜਾਬ ਦੇ ਸਵੈ-ਰੱਖਿਅਕ ਹੋਣ ਦੇ ਉਭਰਦੇ ਅਕਸ ਅਤੇ ਸਵੈਮਾਣ ਉਪਰ ਭਾਰੀ ਸੱਟ ਮਾਰਦੇ ਹੋਏ ਕਹਿੰਦੇ ਹਨ :-

**ਭਾਰਤ ਦੇ ਸਿਰ ਤੇ ਛਤਰ ਤੇਰਾ,**
**ਤੇਰੇ ਸਿਰ ਤੇ ਛਤਰ ਹਿਮਾਲਾ ਦਾ।**
**ਮੋਢੇ ਤੇ ਚਾਦਰ ਬਰਫਾਂ ਦੀ,**
**ਸੀਨੇ ਵਿਚ ਸੇਕ ਜੁਆਲਾ ਦਾ।**

ਪਰੰਤੂ ਪ੍ਰੋ. ਪੂਰਨ ਸਿੰਘ ਨੂੰ ਪੰਜਾਬ ਅਤੇ ਪੰਜਾਬੀ ਨੌਜੁਆਨਾਂ ਦੀ ਆਤਮ-ਨਿਰਭਰਤਾ ਬਾਰੇ ਮੂਲੋਂ ਹੀ ਕੋਈ ਖਦਸ਼ਾ ਨਹੀਂ, ਜਦੋਂ ਪੂਰੇ ਦਾਵ੍ਹੇ ਨਾਲ ਹੰਢੀਂ ਹੰਢਾਏ ਹੋਏ ਤਜ਼ਰਬੇ ਨਾਲ ਕਹਿੰਦੇ ਹਨ :-

**ਇਹ ਬੇਪ੍ਰਵਾਹ ਪੰਜਾਬ ਦੇ,**
**ਮੌਤ ਨੂੰ ਮਖੌਲਾਂ ਕਰਨ।**
**ਮਰਨ ਥੀਂ ਨਹੀਂ ਡਰਦੇ,**
**ਪਿਆਰ ਨਾਲ ਇਹ ਕਰਨ ਗੁਲਾਮੀ।**
**ਪਲੋ ਜਾਣ ਡਾਂਗਾਂ ਮੋਢੇ ਤੇ ਉਲਾਰ ਕੇ।**

**(ਜਵਾਨ ਪੰਜਾਬ ਦੇ)**

ਇਹ ਮਸਤ ਬੇਪ੍ਰਵਾਹ ਅਤੇ ਕਟਬਾਵਰਾ ਕਵੀ, ਪੰਜਾਬੀ ਕਿੱਸਾ-ਕਾਵਿ ਦੇ ਭੁੱਲੇ-ਵਿਸਰੇ ਨਾਇਕ ਨਾਇਕਾਵਾਂ 'ਹੀਰ-ਰਾਂਝੇ, ਸੱਸੀ-ਪੁੰਨੂੰ, ਸੋਹਣੀ ਮਹੀਵਾਲ, ਪੂਰਨ ਸੁੰਦਰਾਂ' ਵਰਗੇ ਇਤਿਹਾਸਿਕ ਤੇ ਮਿਥਿਹਾਸਿਕ ਪਾਤਰਾਂ ਨੂੰ ਪਾਠਕਾਂ ਦੇ ਸਨਮੁੱਖ ਇੰਜ ਲਿਆ ਖੜ੍ਹੇ ਕਰਦਾ ਹੈ :-

**ਰੰਝੇਟੜੇ ਦੇ ਨਿੱਕੇ ਵੱਡੇ ਭਰਾ ਸਾਰੇ,**
**ਬੇਲਿਆਂ ਤੇ ਰੱਖਾਂ ਵਿਚ ਕੂਕਾਂ ਮਾਰਦੇ।**
**ਆ ਵੀਰਾ ਰਾਂਝਿਆ**
**ਆ ਭੈਣ ਹੀਰੇ।**
**ਸਾਨੂੰ ਛੋ ਨਾ ਜਾਣਾ,**
**ਤੁੱਧ ਬਿਨਾਂ ਅਸੀਂ ਸੱਖਣੇ।**

**(ਜਵਾਨ ਪੰਜਾਬ ਦੇ)**

ਜਿੱਥੇ ਭਾਈ ਵੀਰ ਸਿੰਘ 'ਅਟਕ-ਦਰਿਆ' ਨੂੰ ਪੱਛਮ ਵੱਲੋਂ ਆਉਂਦੇ ਹੋਏ ਵੈਰੀ ਦਲਾਂ ਨੂੰ ਨਾ ਅਟਕਾ ਸਕਣ ਦੇ ਗਿਲੇ ਵਜੋਂ ਤ੍ਰਿਸਕਾਰ ਕੇ ਆਪਣਾ ਕਾਵਿਕ ਸਰੋਕਾਰ ਕਸ਼ਮੀਰ ਦੀ ਹਰੀ ਭਰੀ ਵਾਦੀ ਦੀ ਹਿੱਕ ਵਿਚੋਂ ਆਪ ਮੁਹਾਰੇ ਫੁੱਟੇ ਚਸ਼ਮੇ ਇੱਛਾ ਬੱਲ ਤੇ 'ਵੈਰੀ ਨਾਗ' ਦੀਆਂ ਡੂੰਘੀਆਂ ਸ਼ਾਮਾਂ ਨਾਲ ਜਾ ਜੋੜਦੇ ਹਨ।

ਇਸ ਦੇ ਪ੍ਰਤਿਕੂਲ ਪ੍ਰੋ. ਪੂਰਨ ਸਿੰਘ ਦੇ ਦਿਲ ਵਿਚ, ਪੰਜਾਬ ਦੇ ਦਰਿਆਵਾਂ ਪ੍ਰਤੀ, ਇਤਨੀ ਅਪਨੱਤ ਜਾਗਦੀ ਹੈ ਕਿ ਉਸ ਦਾ ਸ਼ਿੱਦਿਤ ਭਰਪੂਰ ਚਿਤ੍ਰਨ ਕਰਦੇ ਹੋਏ ਲਿਖਦੇ ਹਨ :-

**ਰਾਵੀ ਸੋਹਣੀ ਪਈ ਵਗਦੀ,**
**ਮੈਨੂੰ ਸਤਿਲੁਜ ਪਿਆਰਾ ਹੈ।**
**ਮੈਨੂੰ ਬਿਆਸ ਪਈ ਖਿੱਚਦੀ,**

**ਮੈਨੂੰ ਝਨਾਂ ਵਾਜਾਂ ਮਾਰਦੀ,**
**ਮੈਨੂੰ ਜਿਹਲਮ ਪਿਆਰਦਾ।**

(**ਪੰਜਾਬ ਦੇ ਦਰਿਆ**)

ਇਨ੍ਹਾਂ ਦਰਿਆਵਾਂ ਦੇ ਅਠਖੇਲੀਆਂ ਕਰਦੇ ਰਵਾਂ-ਰਵੀਂ ਵਗਦੇ ਪਾਣੀ ਪ੍ਰੋ. ਪੂਰਨ ਸਿੰਘ ਨੂੰ ਆਵਾਜ਼ਾਂ ਮਾਰ ਬੁਲਾਉਂਦੇ ਹਨ। ਉਨ੍ਹਾਂ ਦੀ ਸੰਗੀਤਮਈ ਗੁੰਜਾਰ ਵਿਚੋਂ 'ਜਪੁ ਸਾਹਿਬ' ਗਾਉਣ ਦੀ ਪ੍ਰਤਿ ਧੁਨੀ ਸੁਣਾਈ ਦਿੰਦੀ ਹੈ। ਪ੍ਰਤਿਕਰਮ ਵਜੋਂ ਪ੍ਰੋ. ਪੂਰਨ ਸਿੰਘ ਇਉਂ ਕਾਰਜਸ਼ੀਲ ਅਤੇ ਸਾਹੋ ਸਾਹ ਹੋਇਆ ਮਸਰੂਫ ਦਿਖਾਈ ਦਿੰਦਾ ਹੈ :-

**ਦਰਿਆ ਕਿਨਾਰੇ ਰੇਤਾਂ ਚਿੱਟੀਆਂ ਵਿਚ ਲਿਟਣਾਂ,**
**ਨੰਗੇ ਹੋ ਧੁੱਪ ਵਿਚ ਲੇਟਣਾ।**
**ਤੇ ਛਾਲ ਮਾਰ ਦਰਿਆ ਵਿਚ ਨ੍ਹਾਣਾ,**
**ਤਰਨਾ ਡੁੱਬਣਾ, ਧਾਰ ਵਿਚ ਬਹਿਣਾ।**
......................................
**ਨ੍ਹਾ ਧੋ ਆਖਣਾ, ਮੇਰੇ ਜੇਹਾ ਕੌਣ ਹੈ?**

(**ਦਰਿਆ ਕਿਨਾਰੇ**)

ਦਰਿਆਵਾਂ ਦੇ ਕਿਨਾਰੇ ਨਿਵਾਸ ਕਰਦੇ ਪੰਜਾਬੀਆਂ ਦਾ ਜਿਸ ਖੂਬਸੂਰਤੀ ਨਾਲ ਚਿਤ੍ਰਨ ਪ੍ਰੋ. ਪੂਰਨ ਸਿੰਘ ਨੇ ਕੀਤਾ ਹੈ ਉਹ ਕੇਵਲ ਇਨ੍ਹਾਂ ਦੇ ਨਿੱਜੀ ਅਨੁਭਵ ਦੀ ਹੀ ਵਿਲੱਖਣਤਾ ਹੈ। ਦਰਿਆਵਾਂ ਦੇ ਨੀਲਾਂਬਰੀ ਪਾਣੀਆਂ ਅਤੇ ਬੇਕਿਨਾਰ ਦਿਸਹੱਦਿਆਂ ਬੇਤਹਾਸ਼ਾ ਖੁਲ੍ਹਾਂ ਵਿਚ ਵਿਚਰਣ ਵਾਲੀ ਇਨ੍ਹਾਂ ਦੀ ਪਿਆਰ ਭੁੱਖੀ ਬੇਤਾਬ ਹੋਈ ਰੂਹ ਦਾ ਇਕ ਚਿਤ੍ਰ ਵੇਖੋ :-

**ਮੁੜ ਮੁੜ ਦਰਿਆ ਦੀ ਛਾਤੀ ਵਿਚ,**
**ਖੁਸ਼ੀਆਂ ਦਾ ਮੂੰਹ ਤੱਕਣਾ।**
..........................
**ਲੰਮੇ ਲੰਮੇ ਘਾਹ ਦੇ ਚਿੱਟੇ ਚਿੱਟੇ ਬੁੰਬਲਾਂ ਨੂੰ ਖੋਹ ਕੇ**
**ਆਪਣੀ ਪਗੜੀ ਵਿਚ ਟੁੰਗਣਾ,**
**ਕਦੀ ਕਸੁੰਭੇ ਦਾ ਸਿਹਰਾ ਪਾਈ ਫਿਰਨਾ, ਦਰਿਆ ਕਿਨਾਰੇ।**

(**ਦਰਿਆ ਕਿਨਾਰੇ**)

ਪਰ ਜਦੋਂ ਆਪਣੇ ਸਮਕਾਲੀ ਜਨਜੀਵਨ ਪ੍ਰਤਿ ਸਰਸਰੀ ਜਹੀ ਝਾਤ ਪਾਉਂਦਾ ਹੈ ਤਾਂ ਉਸ ਨੂੰ ਇਕ ਫਿਲਾਸਫਰਾਨਾ ਤੇ ਗੰਭੀਰ ਚਿੰਤਾ ਆ ਘੇਰਦੀ ਹੈ ਕਿਉਂਕਿ ਪੱਛਮੀ ਪ੍ਰਭਾਵ ਹੇਠ ਆ ਰਹੀ ਪੰਜਾਬੀ ਰਹਿਤਲ ਉਸ ਨੂੰ ਸੌੜੀ ਸੌੜੀ ਤੇ ਘੁੱਟੀ ਘੁੱਟੀ ਪ੍ਰਤੀਤ ਹੁੰਦੀ ਹੈ ਜਿਸ ਤੋਂ ਨਾਖੁਸ਼ ਉਹ ਇਉਂ ਤਿਲਮਿਲਾ ਉੱਠਦਾ ਹੈ :-

**ਭੱਠ ਪਈ ਅੱਜ ਦੀ ਸਭਿਅਤਾ,**
**ਜਿਹੜੀ ਦੌੜਦੀ, ਹਫ਼ਤੀ, ਦੌੜ ਦੌੜ ਆਰਾਮ ਚਾਹੇ ਲੈਣਾ।**
**ਇਕੋ ਵਾਰੀ, ਇਕੋ ਦਿਨ, ਦੋਹਾਂ ਹੱਥਾਂ ਨਾਲ।**
................................................
**ਆ ਪੰਜਾਬ ਪਿਆਰੇ ਤੂੰ ਮੁੜ ਆ।**

(**ਕੂਕਾਂ ਪੰਜਾਬ ਨੂੰ**)

ਪੰਜਾਬ ਦੀ ਅਹੀਰਨ ਇਕ ਗੋਹੇ ਥਪਦੀ ਇਨ੍ਹਾਂ ਦੀ ਇਕ ਬਹੁਤ ਹੀ ਖੂਬਸੂਰਤ ਕਵਿਤਾ ਹੈ, ਜਿਸ ਦਾ ਅਧਿਅਨ ਪਾਠਕਾਂ ਅਤੇ ਸਰੋਤਿਆਂ ਨੂੰ ਕਲਪਣਾ ਦੇ ਖੰਭਾਂ ਤੇ ਬਿਠਾ ਕੇ ਪੰਜਾਬ ਦੇ ਉਨ੍ਹਾਂ ਘੁੱਗ ਵੱਸਦੇ ਪਿੰਡਾਂ ਦੀਆਂ ਪੱਥਕਣਾਂ ਵਿਚ ਲੈ ਜਾਂਦਾ ਹੈ, ਜਿੱਥੇ ਇਕ ਸਰੂ ਸਮਾਨ ਲੰਮੀਂ ਝੰਮੀਂ ਪੰਜਾਬਣ ਮੁਟਿਆਰ ਨੂੰ ਇਕ ਅਹੀਰਨ ਤਸੱਵਰ ਕੀਤਾ ਜਾ ਸਕਦਾ ਹੈ, ਜਿਸ ਦੇ ਮੂੰਹ ਤੇ ਝਗੜਦੀਆਂ ਲਾਲੀਆਂ, ਲੱਕ ਪਾਏ ਸਾਵੀ ਸੂਸੀ ਦੇ ਲਹਿੰਗੇ ਅਤੇ ਸਿਰ ਤੋਂ ਉਡ ਉਡ ਜਾਂਦੇ ਮਲਮਲ ਦੇ ਡੋਰੀਏ ਦਾ ਹੂ-ਬ-ਹੂ ਚਿਤ੍ਰ ਇਸ ਤਰ੍ਹਾਂ ਪ੍ਰਸਤੁਤ ਹੁੰਦਾ ਹੈ :-

**ਖੜੀ ਸੀ ਇਕ ਪੰਜਾਬਣ ਕੁੜੀ ਲੰਮੀ ਅਹੀਰਨ,**
**ਥਾਪੀਆਂ ਗੋਹੇ ਦੀਆਂ ਥਪਦੀ,**
**ਸਿਰ ਥੀਂ ਪੱਲਾ ਮਲਮਲ ਦਾ, ਪਿਆ ਉਡਦਾ ਹਵਾ ਵਿਚ,**
**ਲਹਿੰਗਾ ਸਾਵੀ ਸੂਸੀ ਦਾ, ਮਧਮ ਜਿਹਾ ਸਾਵਾ।**

ਬੇਸ਼ੱਕ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਮਿੱਟੀ ਦੇ ਭਾਂਡਿਆਂ ਦਾ ਪ੍ਰਯੋਗ ਲਗਪਗ ਖਤਮ ਹੋਣ ਦੇ ਕਗਾਰ ਤੇ ਹੈ। ਪਰੰਤੂ ਪ੍ਰੋ. ਪੂਰਨ ਸਿੰਘ ਨੂੰ ਇਹ ਅਜੇ ਵੀ ਪਿਆਰੇ ਲੱਗਦੇ ਹਨ। ਇਸ ਲਈ ਜਿੱਥੇ ਉਹ ਪੰਜਾਬ ਦੇ ਪੁਰਾਣੇ ਵਿਰਸੇ ਭਾਵ ਉਪਜੀਵਕਾ ਕਮਾਉਣ ਲਈ ਸੁਆਣੀ-ਮਰਦ ਨੂੰ ਮੋਢੇ ਨਾਲ ਮੋਢਾ ਜੋੜ ਕੇ ਮੁਸ਼ੱਕਤ ਕਰਦਿਆਂ ਵਿਖਾਉਣ ਲਈ ਕੁਮਿਹਾਰ ਅਤੇ ਕੁਮਿਹਾਰਣ ਦਾ ਚਿਤ੍ਰ ਪੇਸ਼ ਕਰਦਾ ਹੈ। ਉਥੇ ਨਾਲ ਹੀ ਮਿੱਟੀ ਦੇ ਅਤਿ ਸੁੰਦਰ ਭਾਂਡਿਆਂ ਦਾ ਵੀ ਇਉਂ ਉਲੇਖ ਕਰਦਾ ਹੈ :-

**ਕੁਮਿਹਾਰ ਚੱਕ ਉੱਤੇ ਕਾਸੇ ਪਿਆ ਘੜਦਾ**
**ਤੇ ਕੁਮਿਹਾਰਣ ਮਿੱਟੀ ਪਈ ਗੁੰਨਦੀ**
........................................
**ਤੇ ਵੇਖੀਆਂ ਉਸ ਵਿਚੋਂ ਮੂਰਤਾਂ ਨਿਕਲਦੀਆਂ**
**ਮੂੰਹ ਬੋਲਦੇ ਭਾਂਡੇ ਕਤਾਰਾਂ ਦੀਆਂ ਕਤਾਰਾਂ।**

(**ਕੁਮਿਹਾਰ ਤੇ ਕੁਮਿਹਾਰਣ**)

ਸ਼ਾਮ ਨੂੰ ਜਿਸ ਸਮੇਂ ਪਿੰਡਾਂ ਦੀਆਂ ਜੁਆਨ ਜਹਾਨ ਕੁੜੀਆਂ ਢਾਕਾਂ ਤੇ ਘੜੇ ਰੱਖੀ ਪੂਰੇ ਜ਼ਬਤ ਵਿਚ ਸੈਨਿਕਾਂ ਵਾਂਗ ਕਤਾਰਾਂ ਬੰਨ੍ਹੀ ਰਲਮਿਲ ਕੇ ਖੂਹਾਂ ਤੋਂ ਪਾਣੀ ਲੈਣ ਜਾਂਦੀਆਂ ਤਾਂ ਘੜੇ ਭਰਨ ਉਪਰੰਤ ਆਏ ਗਏ ਪਿਆਸੇ ਰਾਹੀਆਂ ਦੀ ਪਿਆਸ ਵੀ ਬੁਝਾਉਂਦੀਆਂ।

ਇਨ੍ਹਾਂ ਗਰੀਬ ਘਰਾਂ ਦੀਆਂ ਮੁਟਿਆਰਾਂ ਦੇ ਅਧੋਰਾਣੇ ਪਹਿਰਾਵੇ ਨਾਲ ਅਠਖੇਲੀਆਂ ਕਰਦੀ ਪੌਣ ਦੀ ਛੇੜਛਾੜ ਦਾ ਅਨੁਭਵ ਅਤੇ ਅਹਿਸਾਸ ਜਿਸ ਮਾਰਮਿਕਤਾ ਨਾਲ ਸ਼ਾਇਰ ਨੇ ਪੇਸ਼ ਕੀਤਾ ਹੈ, ਉਹ ਸੱਚਮੁੱਚ ਪ੍ਰੋ. ਪੂਰਨ ਸਿੰਘ ਦੇ ਸਮਕਾਲੀ ਪੰਜਾਬੀ ਜੀਵਨ ਦਾ ਤ੍ਰਾਸਦਿਕ ਸ਼ਿੰਗਾਰ ਕਿਹਾ ਜਾ ਸਕਦਾ ਹੈ :-

**ਫ਼ਟਾ ਫ਼ਟਾ ਝੱਗਾ ਇਕ, ਜੋਬਨਾਂ ਨੂੰ ਕੱਜਦਾ,**
**ਅਰਕਾਂ ਨੰਗੀਆਂ ਪਈਆਂ ਹੁੰਦੀਆਂ।**
**ਤੇ ਛਾਤੀ ਦੀਆਂ ਲੀਰਾਂ ਹਵਾ ਪਈ ਚੁਕਦੀ,**
**ਇਹ ਭੈੜੀ ਹਵਾ ਕੇਹੀ ਪਈ ਵਗਦੀ,**
**ਖਾਹ ਮਖਾਹ ਛੇੜਦੀ ਤੰਗ ਪਈ ਕਰਦੀ,**
**ਮੁੜ ਮੁੜ ਦਸਦੀ ਲੀਰਾਂ ਵਿਚੋਂ ਨੰਗੇ ਨੰਗੇ ਅੰਗ ਮੇਰੇ।**

(**ਖੂਹ ਉਤੇ**)

ਇਸ ਦੇ ਨਾਲ ਹੀ ਅਸੀਂ ਇਨ੍ਹਾਂ ਦੀ ਕਵਿਤਾ ਵਿਚ ਅਭਿਵਿਅਕਤ

ਅਤੇ ਚਿਤਰਿਤ ਕੀਤੇ ਉਨ੍ਹਾਂ ਸਮੂੰਹ ਬਿਰਛਾਂ ਬੂਟਿਆਂ ਦਾ ਅਵਲੋਕਨ ਵੀ ਕਰਦੇ ਹਾਂ ਜੋ ਇਸ ਪੰਜ-ਆਬਾਂ ਦੀ ਜਰਖੇਜ ਧਰਤੀ ਉਤੇ ਅੰਬਾਂ ਪਿੱਪਲਾਂ ਬੋਹੜਾਂ ਬੇਰੀਆਂ ਕਿੱਕਰਾਂ, ਫਲਾਹੀਆਂ ਸ਼ਰੀਹਾਂ ਅਤੇ ਤੂਤਾਂ-ਸਹਿਤੂਤਾਂ ਦੇ ਰੂਪ ਵਿਚ ਖੁਦ ਹੀ ਉਪਜ ਲਿਪਜ ਕੇ ਪੰਜਾਬ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਂਦੇ, ਆਹਾਰ ਅਤੇ ਰੁਜ਼ਗਾਰ ਦਾ ਸਾਧਨ ਬਣਦੇ ਹਨ। ਇਨ੍ਹਾਂ ਨੂੰ ਸਦੀਵੀ ਅਤੇ ਸਦਜੀਵੀ ਬਣੇ ਰਹਿਣ ਲਈ ਅਸੀਸ ਦਿੰਦਾ ਹੋਇਆ ਪ੍ਰੋ. ਪੂਰਨ ਸਿੰਘ ਕਹਿੰਦਾ ਹੈ :-

**ਜੀਣ ਤੇਰੇ ਪਿੱਪਲ ਤੇ ਅੰਬ ਪਿਆਰੇ,**
**ਜੀਣ ਤੇਰੀਆਂ ਸਦਾ ਸਾਵੀਆਂ ਬੋਹੜਾਂ,**
**ਜੀਣ ਤੇਰੇ ਤੂਤ ਸ਼ਹਿਤੂਤ ਸਾਰੇ,**
**ਜੀਣ ਤੇਰੀਆਂ ਬੇਰੀਆਂ।**

**(ਦੇਸ਼ ਨੂੰ ਅਸੀਸ ਸਾਡੀ ਗਰੀਬਾਂ ਦੀ)**

ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਦਿਨ ਰਾਤ ਪੁਸਤਕਾਂ ਨਾਲ ਮੱਥਾਂ ਮਾਰਨ ਉਪਰੰਤ ਅੱਕ ਥੱਕ ਕੇ ਚੂਰ ਹੋਈ ਰੂਹ ਨੂੰ ਸਸਤਾਉਣ ਤੇ ਪਰਚਾਉਣ ਲਈ ਪੰਜਾਬੀ ਪਾੜ੍ਹਾ ਪੰਜਾਬ ਦੇ ਖੁਲ੍ਹੇ ਖੇਤਾਂ ਵਿਚ ਖੁੱਲ੍ਹਾਂ ਮਾਨਣ ਲਈ ਵਿਚਰਦਾ ਹੈ ਤਾਂ ਪੂਰਨ ਸਿੰਘ ਸਹਿਜ-ਸੁਭਾ ਹੀ ਉਸ ਦੀ ਮਨੋਅਵਸਥਾ ਨੂੰ ਇਉਂ ਕਾਵਿ-ਬੱਧ ਕਰਦਾ ਹੈ :-

**'ਓਏ ਮੈਂ ਪੜ੍ਹਨ ਪੜ੍ਹਾਨ ਸਾਰਾ ਛੱਡਿਆ,**
**ਦਿਲ ਮੇਰਾ ਆਣ ਵਾਹੀਆ ਵਿਚ ਖੁਭਿਆ,**
**ਪੈਲੀਆਂ ਮੇਰੀ ਕਿਤਾਬਾਂ ਹੋਈਆਂ।**
**ਤੇ ਜੱਟ ਬੂਟ ਮੇਰੇ ਯਾਰ ਵੋ।'**

**(ਹਲ ਵਾਹੁਣ ਵਾਲੇ)**

ਇਨ੍ਹਾਂ ਦਾ ਤੀਸਰਾ ਕਾਵਿ-ਸੰਗ੍ਰਹਿ 'ਖੁਲ੍ਹੇ ਅਸਮਾਨੀ ਰੰਗ' ਨਿਰੋਲ ਪੱਛਮੀ ਪੰਜਾਬ ਨਾਲ ਸੰਬੰਧਿਤ ਹੈ। 'ਪੰਜਾਬ ਬਾਰ ਵਿਚ ਘੁੱਗੀ' ਇਕ ਅਜਿਹੀ ਪ੍ਰਤੀਨਿਧ ਕਵਿਤਾ ਹੈ ਜਿਸ ਵਿਚ ਕਵੀ ਪੰਛੀਆਂ ਦਾ ਮਾਣਵੀਕਰਨ ਕਰਦਾ ਹੋਇਆ ਘੁੱਗੀਆਂ ਵਰਗੇ ਮਾਸੂਮ ਪੰਛੀਆਂ ਸੰਗ ਸੰਵਾਦ ਰਚਾ ਕੇ ਉਨ੍ਹਾਂ ਦਾ ਵੀ ਚਿਤ੍ਰਨ ਕਰਦਾ ਹੈ :-

**'ਲਾਲ ਸੋਹਣੇ, ਨਿੱਕੇ ਕੋਮਲ ਪੰਜੇ ਤੇਰੇ।'**

........................................

**ਕੀ ਤੇਰੀ ਰੂਹ ਵਿਚ ਕੋਈ ਜੀਵਨ ਭਾਲ ਨਹੀਂ ਵਸਦੀ**

....................................................

**ਤੇਰੀ ਦਰਦ ਭਰੀ ਕੁਹੂ ਕੁਹੂ ਨੂੰ ਕੋਈ ਨਹੀਂ ਸਮਝਦਾ।**

**(ਪੰਜਾਬ ਬਾਰ ਵਿਚ ਘੁੱਗੀ)**

'ਪੰਜਾਬ ਬਾਰ ਦੀ ਬਲੋਚ ਧੀ' ਅਤੇ 'ਜਾਂਗਲੀ ਛੁਹਰੇ' ਦੇ ਗਹਿਣ ਅਧਿਅਨ ਤੋਂ ਮਹਿਸੂਸ ਹੁੰਦਾ ਹੈ ਕਿ ਪ੍ਰੋ. ਪੂਰਨ ਸਿੰਘ ਨੇ ਇਨ੍ਹਾਂ ਨਾਇਕਾਵਾਂ ਦੀ ਕੋਮਲ ਮਲੂਕ ਅਤੇ ਸੁਬਕ-ਸੁੰਦਰਤਾ ਦਾ ਨਿੱਠ ਕੇ ਚਿਤ੍ਰਨ ਕੀਤਾ ਹੈ। 'ਬਲੋਚ ਦੀ ਧੀ' ਦੇ ਪੁਰੇ ਦੀ ਮੱਠੀ ਮੱਠੀ ਤੇ ਮਿੱਠੀ-ਮਿੱਠੀ ਵੱਗਦੀ ਹਵਾ ਨਾਲ ਉਡਦੇ ਸਿਰ ਦੇ ਨਿੱਕੇ ਨਿੱਕੇ ਵਾਲਾਂ ਦੀ, ਲੱਕ ਪਾਏ ਅਸਮਾਨੀ ਰੰਗੇ ਘੱਗਰੇ ਦੀ ਅਤੇ ਗਲ ਪਾਏ ਲਾਲ ਰੰਗ ਦੇ ਕੁੜਤੇ ਦੀ, ਉਸ ਦੇ ਗੋਰੇ-ਚਿੱਟੇ ਰੰਗ ਨਾਲ ਜੱਚਦੀ-ਫੱਬਦੀ ਕੁਦਰਤੀ ਸੁੰਦਰਤਾ ਤੋਂ ਉਪਜੀ ਆਭਾ ਚਿਤ੍ਰ ਕੇ ਕਲਪਨਾ ਹੀ ਕਲਪਨਾ ਵਿਚ ਸਰੋਤਿਆਂ ਤੇ ਪਾਠਕਾਂ ਦੇ ਮਨਾਂ ਨੂੰ ਮੋਹ ਲਿਆ ਹੈ। 'ਜਾਂਗਲੀ ਛੁਹਰ' ਦੀ ਪਹਿਲੀ ਤੱਕਣੀ ਤੋਂ ਜੋ ਪ੍ਰਭਾਵ ਗ੍ਰਹਿਣ ਕਰਦੇ ਹਨ।ਉਸ ਦਾ ਸਾਕਾਰਾਤਮਿਕ ਚਿਤ੍ਰ ਪੇਸ਼ ਕਰਦੇ ਲਿਖਦੇ ਹਨ :-

**ਆਪਣੇ ਕਾਲੇ ਨੈਣਾਂ ਦੇ ਜਾਦੂ ਨਾਲ**
**ਰੂਹ ਜਾਂਦੀ ਹਿਲਾਂਦੀ, ਸਾਰੇ ਇਕ ਜਗਤ ਦਾ।**
**ਮੋਈ ਮਿੱਟੀ ਕੂਕਦੀ, ਉਹਦੇ ਸੁਬਕ ਮਲੂਕ ਕਦਮਾਂ ਨੂੰ ਚੁੰਮ ਕੇ,**
**ਬਾਰ ਦੇ ਫੁੱਲਾਂ ਨੂੰ ਖਬਰ, ਉਹਦੇ ਕੇਸਾਂ ਦੀ ਖੁਸ਼ਬੂ ਦੀ।**

**(ਜਾਂਗਲੀ ਛੁਹਰ)**

ਬਦੇਸ਼ਾਂ ਦੇ ਤਾਣੇ-ਬਾਣੇ ਵਿਚੋਂ ਨਿਕਲ ਅਤੇ ਸਾਰਾ ਲਟਾਕਾ ਛੱਡ ਛਡਾ ਜਦੋਂ ਪੂਰਨ ਸਿੰਘ ਪੰਜਾਬ ਵਿਚ ਆ ਰੰਮਿਆ ਤਾਂ ਪੋਠੋਹਾਰ ਦੇ ਐਬਟਾਬਾਦੀ ਅਲਗੋਜ਼ਿਆਂ ਦਾ ਉਦਾਸੀਨ ਅਤੇ ਪਲਾਇਨਵਾਦੀ ਮਨਾਂ ਨੂੰ ਦਰੱਵਿਤ ਕਰ ਦੇਣ ਵਾਲਾ ਸੁਗਮ ਸੰਗੀਤ ਵਾਰਿਸ ਦੇ ਬੈਂਤ ਹਾਸ਼ਮ ਦੇ ਹੋਹੜੇ ਤੇ ਡਿਉਢਾਂ ਅਤੇ ਬਾਰ ਦੇ ਢੋਲਿਆਂ ਨੂੰ ਗਾਉਣ ਸਮੇਂ ਉਪਜੀਆਂ ਮਨ ਮੋਹਿਕ ਹੇਕਾਂ ਦਾ ਆਨੰਦ ਮਾਨਣ ਉਪਰੰਤ ਜਿਸ ਰੰਗ ਵਿਚ ਇਨ੍ਹਾਂ ਦੀ ਅਲਬੇਲੀ ਤਬ੍ਹਾ ਰੰਗੀ ਗਈ, ਉਸ ਦਾ ਦਿਲਕਸ਼ ਚਿਤ੍ਰ ਇਉਂ ਚਿਤ੍ਰਦੇ ਹਨ :-

**ਗਾਓ ਢੋਲੇ ਯਾਰੋ, ਖੁਲ੍ਹ ਵਿਚ ਬੇਸ਼ਕ ਹੁਣ,**
**ਵਜਾਉ ਅਲਗੋਜ਼ੇ ਪੋਠੋਹਾਰ ਦੇ।**

.................................

**ਹਾਂ ਜਦੋਂ ਐਂਵੇ ਦਿਲ ਅੱਕੇ,**
**ਉੱਠ ਡਾਗਾਂ ਵਰਸਾਉ ਵਾਂਗ ਆਂਧੀਆਂ,**
**ਇਹ ਤੁਸਾਂ ਦੇ ਡੌਲਿਆਂ ਨੂੰ ਕਸਰਤ ਜ਼ਰੂਰ ਹੈ।**

ਇਸ ਤਰ੍ਹਾਂ ਸਮੁੱਚੇ ਰੂਪ ਵਿਚ ਪ੍ਰੋ. ਪੂਰਨ ਸਿੰਘ ਦੇ ਕਾਵਿ-ਜਗਤ ਦਾ ਵਿਸ਼ਾਲ ਵਿਸਤ੍ਰਿਤ ਅਤੇ ਗਵੇਸ਼ਨਾਤਮਿਕ ਭਰਮਣ ਅਥਵਾ ਅਧਿਅਨ ਕਰਨ ਉਪਰੰਤ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਉਨ੍ਹਾਂ ਨੇ ਆਪਣੀ ਕਵਿਤਾ ਵਿਚ ਪੰਜਾਬ ਦੀਆਂ ਗਰਮੀਆਂ, ਸਰਦੀਆਂ, ਪਤਝੱੜਾਂ-ਬਹਾਰਾਂ, ਛੰਮ ਛੰਮ ਵਰ੍ਹਦੇ ਸਾਵਣ ਮਾਹ, ਕਲ ਕਲ ਕਰਦੇ ਵਹਿੰਦੇ ਦਰਿਆਵਾਂ, ਘਣੇ ਜੰਗਲਾਂ-ਬੇਲਿਆਂ, ਉਨ੍ਹਾਂ ਵਿਚ ਆਲ੍ਹਣੇ ਪਾਈ ਬੈਠੀਆਂ ਘੁੱਗੀਆਂ, ਇਥੋਂ ਦੀਆਂ ਬਲੋਚ ਧੀਆਂ, ਜਾਂਗਲੀ ਛੁਹਰਾਂ, ਹਰੇ-ਭਰੇ ਖੇਤਾਂ ਤੇ ਉਨ੍ਹਾਂ ਵਿਚ ਕੰਮ ਕਰਦੇ ਕਿਰਤੀ ਕਿਰਸਾਨਾਂ ਤੇ ਸੁਆਣੀਆਂ, ਕੁਮਿਹਾਰ ਤੇ ਕੁਮਿਹਾਰਨਾਂ, ਗੋਹੇ ਪੱਥਦੀਆਂ ਅਹੀਰਣਾਂ, ਜੂਹਾਂ ਤੇ ਬੇਲਿਆਂ ਵਿਚ ਮੰਗੂ ਚਾਰਦੇ ਪਾਲੀਆਂ, ਹਲ ਵਾਹੁੰਦੇ ਹਾਲੀਆਂ, ਪੁੰਨੂੰ ਪੁੰਨੂੰ ਕਰਦੀਆਂ ਰੇਤ ਥੱਲਾਂ ਵਿਚ ਸੜਦੀਆਂ ਸੱਸੀਆਂ, ਹੜ੍ਹ ਆਏ ਝਨਾਂ ਦੀਆਂ ਭਿਆਨਕ ਝੱਲਾ ਨਾਲ ਮਹੀਂਵਾਲਾਂ ਲਈ ਝਗੜਦੀਆਂ ਤੇ ਜਾਨਾਂ ਗੁਆਉਂਦੀਆਂ ਸੋਹਣੀਆਂ, ਹੀਰਾਂ ਦੇ ਦੀਦ ਲਈ ਕੰਨ ਪੜਵਾਉਂਦਿਆਂ ਰਾਂਝਿਆਂ, ਪੂਰਨ ਲਈ ਜਾਨ ਗੁਆਉਂਦੀਆਂ ਸੁੰਦਰਾਂ, ਪ੍ਰਕਿਰਤੀ ਦੇ ਤਿੰਨ ਰੂਪਾਂ ਬਿਰਖਾਂ ਬੂਟਿਆਂ ਦਰਿਆਵਾਂ ਨਦੀਆਂ ਆਦਿ ਦੇ ਜਿਨ੍ਹਾਂ ਸੁੰਦਰ ਸਜੀਵ ਚਿਤ੍ਰਾਂ ਨੂੰ ਵਿਵਿਧ ਰੂਪਕਾਂ ਅਲੰਕਾਰਾਂ ਅਤੇ ਵਿਲੱਖਣ ਵਿਸ਼ੇਸ਼ਣਾਂ ਨਾਲ ਰੀਝਾਂ ਤੇ ਨੀਝਾਂ ਲਾ ਚਿਤ੍ਰਿਆ ਹੈ, ਆਧੁਨਿਕ ਪੰਜਾਬੀ ਕਾਵਿ ਦਾ ਸਰਵੇਖਣ ਕੀਤਿਆਂ ਇਨ੍ਹਾਂ ਦਾ ਹੋਰ ਕੋਈ ਸਾਨੀ ਨਜ਼ਰ ਨਹੀਂ ਆਉਂਦਾ, ਜਿਸ ਦੀ ਰਚਨਾ ਵਿਚ ਇਸ ਭਾਂਤ ਪੰਜਾਬ ਦੀ ਸਮੁੱਚਤਾ ਦਾ ਬਕਮਾਲ ਚਿਤ੍ਰਨ ਕੀਤਾ ਗਿਆ ਹੋਵੇ।

# ਪਿੰਡ-ਨੰਗਲ ਲੁਬਾਣਾ ਵਿਖੇ ਬਾਬਾ ਦਲੀਪ ਸਿੰਘ ਜੀ ਦੀ ਬਰਸੀ ਮਨਾਈ ਗਈ

ਪਿੰਡ ਨੰਗਲ ਲੁਬਾਣਾ ਦੇ ਬਾਨੀ ਬਾਬਾ ਦਲੀਪ ਸਿੰਘ ਜੀ ਦੀ ਬਰਸੀ ਪਿੰਡ ਵਾਲੇ ਪਿਛਲੇ 60 ਸਾਲ ਤੋਂ ਬੜੀ ਸ਼ਰਧਾ ਤੇ ਧੂਮਧਾਮ ਨਾਲ ਹਾੜ ਦੀ ਸੰਗਰਾਦ ਤੇ ਮਨਾਉਂਦੇ ਆ ਰਹੇ ਹਨ। ਇਸ ਸਾਲ ਵੀ 13-14 ਜੂਨ ਨੂੰ ਪਿੰਡ ਵਿਖੇ ਬੜੀ ਸ਼ਰਧਾ ਤੇ ਧੂਮਧਾਮ ਨਾਲ ਬਾਬਾ ਜੀ ਦੀ ਬਰਸੀ ਮਨਾਈ ਗਈ। 2 ਦਿਨ ਦੇ ਚਲੇ ਕੀਰਤਨ ਦਰਬਾਰ ਵਿਚ ਪ੍ਰਸਿੱਧ ਢਾਡੀ ਕੀਰਤਨ ਜੱਥਿਆਂ ਤੇ ਕਥਾਵਾਚਕਾ ਨੇ ਹਿਸਾ ਲਿਆ। 14 ਜੂਨ ਨੂੰ ਵਿਸ਼ਾਲ ਇਕੱਠ ਵਿਚ ਬੀਬੀ ਜਗੀਰ ਕੌਰ ਵਿਧਾਇਕਾ, ਸਾਬਕਾ ਮੰਤਰੀ ਅਤੇ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਮੇਜਰ ਨਰਿੰਦਰ ਸਿੰਘ ਜੱਲੋ, ਸ. ਸੁਖਪਾਲ ਸਿੰਘ ਖਹਿਰਾ ਸਾਬਕਾ ਵਿਧਾਇਕ ਅਤੇ ਸ. ਰਨਧੀਰ ਸਿੰਘ ਧੀਰਾ ਪ੍ਰਧਾਨ ਨੇ ਇਸ ਮੌਕੇ 'ਤੇ ਬਾਬਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਉਨ੍ਹਾਂ ਵੱਲੋਂ ਕੀਤੇ ਗਏ ਵੱਡੇ ਕਾਰਜਾਂ ਦੇ ਵੇਰਵੇ ਲੋਕਾਂ ਸਾਹਮਣੇ ਰੱਖੇ।

ਪਿੰਡ ਅਤੇ ਆਸ-ਪਾਸ ਦੇ ਲੋਕਾਂ ਦੀ ਇਸ ਗੁਰਦੁਆਰਾ ਸਾਹਿਬ ਵਿਚ ਕਾਫੀ ਆਸਥਾ ਹੈ। ਇਹੋ ਕਾਰਨ ਹੈ ਕਿ ਇਸ ਬਰਸੀ ਤੇ ਪਿੰਡ ਦੇ ਐਨ.ਆਰ.ਆਈ. ਨੌਜਵਾਨਾਂ, ਪਿੰਡ ਵਾਸੀਆਂ ਅਤੇ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਨੇ ਬਾਬਾ ਜੀ ਦੇ ਮੇਲੇ ਤੇ 27 ਲੱਖ ਦੀ ਉਗਰਾਈ ਦਾ ਯੋਗਦਾਨ ਪਾਇਆ। ਦੋ ਦਿਨ ਚਲੇ ਸਮਾਗਮ ਦੀ ਸਟੇਜ਼ ਸਕੱਤਰ ਦੀ ਸੇਵਾ ਸ. ਰਨਧੀਰ ਸਿੰਘ ਧੀਰਾ ਪ੍ਰਧਾਨ ਗੁਰਦੁਆਰਾ ਕਮੇਟੀ ਨੇ ਬੜੀ ਵਧੀਆਂ ਢੰਗ ਨਾਲ ਨਿਭਾਈ।

(ਮੇਜਰ ਨਰਿੰਦਰ ਸਿੰਘ ਜੱਲੋ)
ਪ੍ਰਧਾਨ
ਬਾਬਾ ਦਲੀਪ ਸਿੰਘ
ਐਜੂਕੇਸ਼ਨ ਸੁਸਾਇਟੀ (ਰਜਿ.)
ਨੰਗਲ ਲੁਬਾਣਾ



ਬਾਬਾ ਜੀ ਨੇ ਇਸ ਪਿੰਡ ਦੀ ਸਥਾਪਨਾ ਲਗਪਗ 240 ਵਰ੍ਹੇ ਪਹਿਲਾਂ ਪਿੰਡ ਮਾੜੀ ਬੁਚਿਆਂ, ਜ਼ਿਲ੍ਹਾ-ਗੁਰਦਾਸਪੁਰ ਤੋਂ ਆ ਕੇ ਕੀਤੀ। ਬਾਬਾ ਜੀ ਇਕ ਗੁਰਸਿੱਖ ਹਰ ਸਮੇਂ ਬਾਨੀ ਦਾ ਜਾਪ ਕਰਨ ਵਾਲੇ ਅਤੇ ਇਕ ਵੱਡੇ ਜ਼ਿੰਮੀਦਾਰ ਸਨ। ਉਨ੍ਹਾਂ ਇਤਿਹਾਸ ਦੇ ਮੁਤਾਬਿਕ ਜਲੰਧਰ ਦੁਆਬੇ ਵਿਚ ਸਿੱਖੀ ਦਾ ਵੱਡੀ ਪੱਧਰ ਤੇ ਪ੍ਰਚਾਰ ਕੀਤਾ ਸੀ। ਬਾਬਾ ਜੀ ਵਲੋਂ ਵਸਾਏ ਗਏ ਪਿੰਡ ਦੀ ਆਬਾਦੀ ਇਸ ਵੇਲੇ ਲਗਪਗ 8000 ਦੀ ਹੈ ਅਤੇ 1000 ਤੋਂ ਵੱਧ ਨੌਜਵਾਨ ਅਮਰੀਕਾ, ਜਰਮਨੀ, ਫਰਾਂਸ, ਇਟਲੀ, ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਆਦਿ ਮੁਲਕਾਂ ਦੇ ਵਿਚ ਆਪਣਾ ਚੰਗਾ ਕਾਰੋਬਾਰ ਕਰ ਰਹੇ ਹਨ ਅਤੇ ਆਪਣੇ ਘਰਵਾਲਿਆਂ ਅਤੇ ਗੁਰਦੁਆਰਾ ਕਮੇਟੀ ਵਲੋਂ ਪਿੰਡ ਦੇ ਨਿਰਮਾਣ ਲਈ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਸਾਰ ਵਿਚ ਵੱਡਾ ਹਿੱਸਾ ਪਾ ਰਹੇ ਹਨ। ਬਾਬਾ ਜੀ ਦੀ ਯਾਦ ਵਿਚ ਕੋਈ 60-62 ਸਾਲ ਪਹਿਲਾਂ ਪਿੰਡ ਦੇ ਨੌਜਵਾਨ ਜਿਹੜੇ ਭਾਖੜਾ ਡੈਮ ਤੇ ਕੰਮ ਕਰਦੇ ਸੀ ਕੁਝ ਉਪਰਾਲਾ ਕਰਕੇ ਬਾਬਾ ਜੀ ਦੀ ਬਣੀ ਹੋਈ ਛੋਟੀ ਜਿਹੀ ਸਮਾਧ ਨੂੰ ਢਾਹ ਕੇ ਉੱਥੇ ਇਕ ਕਮਰੇ ਦੀ ਉਸਾਰੀ ਕੀਤੀ ਗਈ ਅਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਇਸ ਤੋਂ ਪਿੱਛੋਂ 1984-85 ਵਿਚ ਪਿੰਡ ਦੇ ਕੁਝ ਸੱਜਣਾਂ ਜਿਨ੍ਹਾਂ ਵਿਚ ਨੰਬਰਦਾਰ ਸੁਰਜੀਤ ਸਿੰਘ, ਜੱਥੇਦਾਰ ਅਜੀਤ ਸਿੰਘ ਜੱਲੋ, ਮਾਸਟਰ ਸੁੱਚਾ ਸਿੰਘ, ਨੰਬਰਦਾਰ ਕੁਲਵਿੰਦਰ ਸਿੰਘ ਆਦਿ ਨੇ ਬੜੀ ਮਿਹਨਤ ਨਾਲ ਇਸ ਛੋਟੇ ਗੁਰਦੁਆਰਾ ਦੀ ਜਗ੍ਹਾ ਤੇ ਵੱਡੇ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ।

ਦਾਸ ਨੇ ਸੰਨ 1989 ਵਿਚ ਸਰਵਿਸ ਤੋਂ ਰਿਟਾਰਿਡ ਹੋਣ ਪਿਛੋਂ ਕੁਝ ਸਾਲ ਗੁਰਦੁਆਰਾ ਕਮੇਟੀ ਦੇ ਮੁੱਖ ਸਲਾਹਕਾਰ ਦੇ ਨਾਤੇ ਸੇਵਾ ਕੀਤੀ ਅਤੇ ਪਿਛੋਂ 2014 ਤੱਕ 15 ਸਾਲ ਚੋਣ ਪ੍ਰਕਿਰਿਆ ਰਾਹੀਂ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਕੀਤੀ। ਇਸ ਸਮੇਂ ਵਿਚ ਵਿਰੋਧੀ ਪਾਰਟੀ ਨੇ ਵੱਡੀ ਪੱਧਰ ਤੇ ਸਿਆਸੀ ਦਖਲ ਨਾਲ ਗੁਰਦੁਆਰਾ ਸਾਹਿਬ 'ਤੇ ਕਬਜ਼ਾ ਕਰਨ ਦੀ ਅਸਫਲ ਕੋਸ਼ਿਸ਼ ਕੀਤੀ। ਗੁਰਦੁਆਰਾ ਸਾਹਿਬ ਦੇ ਨਾਲ ਲਗਦੀ ਜਗ੍ਹਾ ਵਿਚੋਂ ਸ਼ਮਸ਼ਾਨ ਘਰ ਹਟਾ ਕੇ ਬਾਹਰ ਦੂਰ ਪੰਚਾਇਤ ਦੀ ਜ਼ਮੀਨ ਵਿਚ 6 ਲੱਖ ਰੁਪਏ ਖਰਚ ਕੇ ਨਵੇਂ ਸ਼ਮਸ਼ਾਨ ਘਰ ਦੀ ਉਸਾਰੀ ਕੀਤੀ। ਗੁਰਦੁਆਰਾ ਸਾਹਿਬ ਤੋਂ ਲੈ ਕੇ ਸ਼ਮਸ਼ਾਨ ਘਰ ਦੇ ਰਸਤੇ ਨੂੰ ਪੱਕਾ ਕੀਤਾ। ਗੁਰਦੁਆਰਾ ਸਾਹਿਬ ਦੇ ਸਾਹਮਣੇ ਲੱਖਾਂ ਰੁਪਏ ਦੀ ਜ਼ਮੀਨ ਲੈ ਕੇ ਦੋ ਮੰਜ਼ਿਲਾਂ ਲੰਗਰ ਹਾਲ ਤਿਆਰ ਕੀਤਾ ਜਿਸ ਵਿਚ 500 ਵਿਅਕਤੀ ਇਕ ਸਮੇਂ ਲੰਗਰ ਖਾ ਸਕਦੇ ਹਨ। ਗੁਰਦੁਆਰਾ ਸਾਹਿਬ ਦੇ ਏਰੀਏ ਵਿਚ ਇਕ ਵਿਸ਼ਾਲ ਦੀਵਾਨ ਹਾਲ ਦੀ ਉਸਾਰੀ ਕੀਤੀ ਜਿਸ ਤੇ ਲਗਪਗ 40 ਲੱਖ ਰੁਪਏ ਖਰਚਾ ਆਇਆ। ਪਿੰਡ ਵਿਚ ਇਕ ਜਗ੍ਹਾ ਤੇ ਬਿਲਡਿੰਗ ਉਸਾਰ ਕੇ ਉਸ ਵਿਚ ਡਾਕਖਾਨਾ, ਪਟਵਾਰਖਾਨਾ, ਕਾਨੂੰਗੋ ਦਫਤਰ, ਬਿਜਲੀ ਦਫਤਰ ਅਤੇ ਸਹਿਕਾਰਤਾ ਸਭਾ ਦੇ ਦਫਤਰਾਂ ਲਈ ਜਗ੍ਹਾ ਉਪਲਬਧ ਕਰਵਾਈ। ਇਸ ਬਿਲਡਿੰਗ ਦਾ ਉਦਘਾਟਨ ਸਾਬਕਾ ਮੰਤਰੀ ਸ. ਪ੍ਰਤਾਪ ਸਿੰਘ ਬਾਜਵਾ ਨੇ ਕੀਤਾ ਸੀ। ਪਿੰਡ ਵਿਚ ਸਟਰੀਟ ਲਾਈਟਾਂ ਲਵਾਈਆਂ ਅਤੇ ਪੁੱਲਿਆਂ ਦਾ ਨਿਰਮਾਣ ਕੀਤਾ। ਗੁਰਦੁਆਰਾ ਕਮੇਟੀ ਵਲੋਂ ਗਰੀਬ ਲੜਕਿਆਂ ਦੀ ਸ਼ਾਦੀਆਂ ਤੇ 5100 ਰੁਪਏ ਦੀ ਮਦਦ ਦਿੱਤੀ ਗਈ ਅਤੇ ਹੋਰ ਗਰੀਬਾਂ ਤੇ ਲੋੜਵੰਦਾਂ ਦੀ ਮਾਲੀ ਸਹਾਇਤਾ ਕੀਤੀ।

ਗੁਰਦੁਆਰਾ ਕਮੇਟੀ ਨੇ ਦਾਸ ਦੀ ਪ੍ਰਧਾਨਗੀ ਹੇਠ 2001 ਵਿਚ ਬਾਬਾ ਜੀ ਦੀ ਯਾਦ ਵਿਚ ਪੁਰਾਣੇ ਸ਼ਮਸ਼ਾਨ ਘਰ ਜੋ ਗੁਰਦੁਆਰੇ ਦੇ ਨਾਲ ਲੱਗਦਾ ਸੀ ਦੀ ਜਗ੍ਹਾ ਤੇ ਇਕ ਹਾਈ ਸਕੂਲ ਖੋਲਣ ਦਾ ਫੈਸਲਾ ਕੀਤਾ। 60 ਮਰਲੇ ਹੋਰ ਜ਼ਮੀਨ ਮੁੱਲ ਲੈ ਕੇ ਇਸ ਥਾਂ ਤੇ 26 ਕਮਰਿਆਂ ਵਾਲੀ ਡਬਲ ਸਟੋਰੀ ਬਿਲਡਿੰਗ ਬਰਾਂਡਿਆਂ ਸਮੇਤ ਉਸਾਰੀ ਜਿਸ ਤੇ ਬਹੁਤ ਭਾਰੀ ਖਰਚਾ ਆਇਆ। ਸਕੂਲ ਲਈ ਲੋਕਲ ਸਟਾਫ ਮਿਲਣਾ ਮੁਸ਼ਕਲ ਸੀ ਇਸ ਲਈ ਕਪੂਰਥਲੇ ਤੋਂ 7-8 ਲੇਡੀ ਟੀਚਰ ਅਤੇ ਲੇਡੀ ਪ੍ਰਿੰਸੀਪਲ ਭਰਤੀ ਕੀਤੇ ਗਏ ਉਨ੍ਹਾਂ ਨੂੰ ਲਿਆਉਣ ਤੇ ਛੱਡਣ ਲਈ ਇਕ ਸੂਮੋ ਜੀਪ ਖਰੀਦੀ ਗਈ। ਬੱਚਿਆਂ ਲਈ ਇਕ ਬੱਸ ਵੀ ਖਰੀਦੀ ਗਈ।

2003 ਦੇ ਸੈਸ਼ਨ ਵਿਚ ਸਕੂਲ ਵਿਚ ਪੜ੍ਹਾਈ ਸ਼ੁਰੂ ਕਰ ਦਿੱਤੀ ਗਈ। ਇਸ ਪਿੱਛੋਂ ਸਕੂਲ ਦੇ ਨਾਲ ਲੱਗਦੀ ਕੁਝ ਹੋਰ ਜਗ੍ਹਾ 12 ਲੱਖ ਦੀ ਖਰੀਦੀ ਗਈ ਅਤੇ ਇਕ ਨਵੀਂ ਬਸ ਖਰੀਦੀ ਗਈ। ਇਸ ਵੇਲੇ ਸਕੂਲ ਦੇ ਵਿਚ ਬੱਚਿਆਂ ਦੀ ਸੰਖਿਆ 500 ਦੇ ਲਗਪਗ ਹੈ ਅਤੇ ਇਹ ਸਕੂਲ ਪਿਛਲੇ ਤਿੰਨ ਸਾਲਾਂ ਤੋਂ ਬਾਰਵੀਂ ਤੱਕ ਚਲ ਰਿਹਾ ਹੈ। ਇਨ੍ਹਾਂ ਵੱਡੇ ਕਾਰਜਾਂ ਨੂੰ ਸਿਰੇ ਚੜ੍ਹਾਉਣ ਵਿਚ ਪਿੰਡ ਦੇ ਐਨ.ਆਰ.ਆਈ. ਨੌਜਵਾਨਾਂ ਨੇ ਵੱਡਾ ਯੋਗਦਾਨ ਪਾਇਆ। ਸਕੂਲ ਵਿਚ 27 ਟੀਚਰ ਹਨ ਜਿਨ੍ਹਾਂ ਵਿਚ 2-3 ਜੈਂਟਸ ਹਨ। ਸਾਰਾ ਸਟਾਫ ਐਮ.ਏ., ਬੀ ਐਡ ਅਤੇ ਬੀ.ਏ., ਬੀ ਐਡ ਹੈ। ਪਿਛਲੇ ਸਾਲਾਂ ਵਿਚ ਸਕੂਲ ਦੇ ਪੰਜਵੀਂ ਦੱਸਵੀਂ ਅਤੇ ਬਾਰ੍ਹਵੀਂ ਦੇ ਬਹੁਤ ਵਧੀਆਂ ਨਤੀਜੇ ਆਉਂਦੇ ਰਹੇ ਹਨ ਅਤੇ ਇਸ ਵਾਰ ਦੱਸਵੀਂ ਦੇ ਸਾਰੇ ਵਿਦਿਆਰਥੀ ਪਾਸ ਹੋਏ ਹਨ ਅਤੇ ਬਹੁਤੇ ਪਹਿਲੇ ਡਿਵੀਜ਼ਨ ਵਿਚ ਪਾਸ ਹੋਏ। ਇਸੇ ਤਰ੍ਹਾਂ ਬਾਰ੍ਹਵੀਂ ਜਮਾਤ ਦਾ ਨਤੀਜਾ ਵੀ 100% ਰਿਹਾ ਅਤੇ ਬਹੁਤੇ ਵਿਦਿਆਰਥੀਆਂ ਦੀ ਪਹਿਲੀ ਡਿਵੀਜ਼ਨ ਅਤੇ ਦੋ ਲੜਕੀਆਂ ਨੇ 91% ਨੰਬਰ ਹਾਸਲ ਕੀਤੇ। ਇਸ ਤੋਂ ਪਤਾ ਲੱਗਦਾ ਹੈ ਸਕੂਲ ਵਿਚ ਸਟਾਫ ਕਿੰਨੀ ਲਗਨ, ਮਿਹਨਤ ਅਤੇ ਡਿਸੀਪਲੀਨ ਵਿਚ ਕੰਮ ਕਰ ਰਿਹਾ ਹੈ।

ਦਾਸ ਦੀ ਪ੍ਰਧਾਨਗੀ ਹੇਠ ਕੁਝ ਸਮੇਂ ਪਿਛੋਂ ਗੁਰਦੁਆਰਾ ਕਮੇਟੀ ਨੇ ਸਕੂਲ ਦਾ ਕੰਮ ਚਲਾਉਣ ਲਈ ਵੱਖਰੀ ਕਮੇਟੀ ਦਾ ਗਠਨ ਕਰਨ ਦਾ ਫੈਸਲਾ ਕੀਤਾ ਅਤੇ ਸਿੱਟੇ ਵਜੋਂ ਬਾਬਾ ਦਲੀਪ ਸਿੰਘ ਐਜੂਕੇਸ਼ਨ ਸੁਸਾਇਟੀ (ਰਜਿ.) ਹੋਂਦ ਵਿਚ ਆਈ ਅਤੇ ਦਾਸ ਨੂੰ ਉਸ ਦਾ ਪ੍ਰਧਾਨ ਥਾਪਿਆ ਗਿਆ। ਪਿਛਲੇ ਸਮਿਆਂ ਵਿਚ ਸ. ਅਮਰਜੀਤ ਸਮਰਾ ਸਾਬਕਾ ਮੰਤਰੀ, ਸ. ਸੁਖਜਿੰਦਰ ਸਿੰਘ ਰੰਧਾਵਾ ਸਾਬਕਾ ਮੁੱਖ ਸੰਸਦੀ ਸਕੱਤਰ ਅਤੇ ਸ. ਪ੍ਰਤਾਪ ਸਿੰਘ ਬਾਜਵਾ ਸਾਬਕਾ ਮੰਤਰੀ ਬਾਬਾ ਜੀ ਦੀ ਬਰਸੀ ਤੇ ਸਮੇਂ-ਸਮੇਂ ਸਿਰ ਆਏ ਅਤੇ ਉਨ੍ਹਾਂ ਬਾਬਾ ਦਲੀਪ ਸਿੰਘ ਯਾਦਗਾਰੀ ਹਾਈ ਸਕੂਲ ਦੀ ਵਧੀਆ ਕਾਰਗੁਜ਼ਾਰੀ ਨੂੰ ਵੇਖਦੇ ਹੋਏ ਹਰ ਇਕ ਨੇ 1 ਲੱਖ ਰੁਪਏ ਦੀ ਗਰਾਂਟ ਸਕੂਲ ਨੂੰ ਦਿੱਤੀ ਜੋ ਕਿ ਸਕੂਲ ਕਮੇਟੀ ਨੂੰ ਉਤਸ਼ਾਹਿਤ ਕਰਨ ਵਾਲਾ ਇਕ ਵੱਡਾ ਕਦਮ ਸੀ।

ਇਸ ਸਮੇਂ ਕਮੇਟੀ ਗੁਰਦੁਆਰਾ ਸਾਹਿਬ ਦੇ ਵੱਡੇ ਪ੍ਰਸਾਰ ਲਈ ਕੰਮ ਕਰ ਰਹੀ ਹੈ ਜਿਸ ਤੇ ਲਗਪਗ 85 ਲੱਖ ਰੁਪਏ ਖਰਚ ਆ ਚੁੱਕੇ ਹਨ ਅਤੇ ਇਹ ਕੰਮ 6 ਮਹੀਨੇ ਵਿਚ ਪੂਰਾ ਹੋ ਜਾਵੇਗਾ।

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਭਗਵਾਨ ਸਿੰਘ ਲੁਬਾਣਾ,**

**ਮੋ. 98155-40240,**

**lubanabs@yahoo.co.in**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ



**ਰੈਨੋਵੇਸ਼ਨ ਅਤੇ ਫੁੱਟਕਲ ਕੰਮ ਬਾਰੇ**-: ਲੁਬਾਣਾ ਭਵਨ ਦੇ ਭਾਈ ਲੱਖੀ ਸ਼ਾਹ ਨਿਵਾਸ ਦੇ 10 ਕਮਰਿਆਂ ਵਿਚ ਲੱਕੜੀ ਦਾ ਕੰਮ ਕਰਵਾਇਆ ਗਿਆ ਜਿਸ ਵਿਚ ਸਾਰੇ ਕਮਰੇ ਦੇ ਬੈੱਡਾਂ ਦੀ ਮੁਰੰਮਤ, ਅਲਮਾਰੀਆਂ ਦੀ ਮੁਰੰਮਤ, ਜਾਲੀ ਦੇ ਦਰਵਾਜ਼ੇ ਅਤੇ ਹੋਰ ਫੁੱਟਕਲ ਕੰਮ ਕਰਵਾਏ ਗਏ। ਇਸ ਤੋਂ ਬਾਅਦ ਸਾਰੇ ਕਮਰਿਆਂ ਵਿਚ ਪੇਂਟ ਦਾ ਕੰਮ ਵੀ ਕਰਵਾਇਆ ਗਿਆ ਅਤੇ ਇਨ੍ਹਾਂ ਕਮਰਿਆਂ ਦੇ ਬਿਜਲੀ ਦੇ ਸਾਰੇ ਸਵਿਚਸ ਤੇ ਸਾਕੇਟ ਬਦਲੇ ਗਏ ਹਨ ਅਤੇ ਕਮਰਿਆਂ ਦੀ ਦਿੱਖ ਬਹੁਤ ਖੂਬਸੂਰਤ ਲੱਗਦੀ ਹੈ। ਰਹਿਣ ਵਾਲੇ ਵੀ ਹੁਣ ਕਮਰਿਆਂ ਦੀ ਹਾਲਤ ਤੇ ਖੁਸ਼ੀ ਪ੍ਰਗਟਾਉਂਦੇ ਹਨ। ਇਨ੍ਹਾਂ ਕਮਰਿਆਂ ਦੀ ਇਸ ਜ਼ਰੂਰਤਮੰਦ ਮੁਰੰਮਤ ਤੇ ਸਿਰਫ 75000 ਰੁਪਏ ਲੱਗੇ ਹਨ।

ਮੇਨ ਆਡੀਟਾਰੀਯਮ ਦੇ ਸਟੇਜ਼ ਦੀ ਫਲੋਰਿੰਗ ਦਾ ਕੰਮ ਵੀ ਕਰਵਾਇਆ ਗਿਆ ਕਿਉਂਕਿ ਆਰਟਿਸਟ ਨੂੰ ਸਟੇਜ਼ ਤੇ ਪਰਫਾਰਮਸ ਵੇਲੇ ਔਖੀ ਹੁੰਦੀ ਸੀ ਅਤੇ ਆਡੀਟਾਰੀਯਮ ਦੀਆਂ ਲਾਈਟਾਂ ਵੀ ਬਦਲ ਦਿੱਤੀਆਂ ਗਈਆਂ ਹਨ ਜਿਸ ਨਾਲ ਆਡੀਟਾਰੀਯਮ ਦੀ ਦਿਖ-ਰਿਖ ਸੋਹਣੀ ਹੋ ਗਈ ਹੈ ਅਤੇ ਭਵਨ ਦੀ ਬੁਕਿੰਗ ਵਿਚ ਵੀ ਕਾਫੀ ਅਸਰ ਪਿਆ ਹੈ।

ਆਡੀਟਾਰੀਯਮ ਵਿਚ ਏ.ਸੀ. ਦੀ ਕੂਲਿੰਗ ਵੱਧ ਕਰਨ ਲਈ ਅਤੇ ਬੁਕਿੰਗ ਕਰਵਾਉਣ ਵਾਲੀ ਪਾਰਟੀ ਨੂੰ ਸੁਵਿਧਾ ਦੇਣ ਲਈ 6 ਦੀਵਾਰਾਂ ਵਾਲੇ ਪੱਖੇ ਲਗਵਾ ਦਿੱਤੇ ਗਏ ਹਨ। ਇਨ੍ਹਾਂ ਪੱਖਿਆਂ ਦੀ ਹੋਂਦ ਕਾਰਨ ਮੇਨ ਆਡੀਟਾਰੀਯਮ ਦੀ ਏ.ਸੀ. ਦੀ ਕੂਲਿੰਗ ਯੋਗਤਾ ਵੱਧ ਗਈ ਹੈ ਅਤੇ ਬਿਜਲੀ ਦਾ ਖਰਚਾ ਵੀ ਘੱਟ ਹੋਵੇਗਾ। ਲੁਬਾਣਾ ਭਵਨ ਦਾ ਏ.ਸੀ. ਪਲਾਂਟ ਵੱਡਾ ਹੋਣ ਕਰਕੇ ਪਾਵਰ ਕੱਟ ਦੌਰਾਨ ਜਨਰੇਟਰ ਤੇ ਏ.ਸੀ. ਨਹੀਂ ਚੱਲਦਾ ਸੀ ਜਿਸ ਨਾਲ ਬੁਕਿੰਗ ਪਾਰਟੀ ਨੂੰ ਪਰੇਸ਼ਾਨੀ ਹੁੰਦੀ ਸੀ ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ ਵੀ ਪੱਖੇ ਲਗਵਾਏ ਗਏ ਤਾਂ ਜੋ ਬੁਕਿੰਗ ਪਾਰਟੀ ਨੂੰ ਫੰਕਸ਼ਨ ਦੌਰਾਨ ਮੁਸ਼ਕਿਲਾਂ ਦਾ ਸਾਹਮਣਾ ਨਾ ਕਰਨਾ ਪਵੇ।

ਮੈਂਬਰਾਂ ਅਤੇ ਬੁਕਿੰਗ ਪਾਰਟੀ ਦੀ ਮੰਗ ਮੁਤਾਬਿਕ ਭਾਈ ਮਨੀ ਸਿੰਘ ਬਲਾਕ ਦੇ ਮਿਨੀ ਹਾਲ ਅਤੇ ਲੈਕਚਰ ਹਾਲ ਦੇ ਲੇਡੀਜ ਵਾਸ਼ਰੂਮ ਦੀ ਐਂਟਰੀ ਨੰ ਵੱਖ ਕਰ ਦਿੱਤਾ ਗਿਆ ਅਤੇ ਹੋਰ ਫੁੱਟਕਲ ਕੰਮ ਵੀ ਕਰਵਾਏ ਗਏ ਹਨ। ਇਹ ਬੜੀ ਸ਼ਲਾਘਾ ਵਾਲੀ ਗੱਲ ਹੈ ਕਿ ਲੈਕਚਰ ਹਾਲ ਦੀ ਬੁਕਿੰਗ ਦਿਨ-ਬ-ਦਿਨ ਵੱਧ ਰਹੀ ਹੈ ਜਿਸ ਨਾਲ ਭਵਨ ਦੀ ਆਮਦਨ ਵਿਚ ਵਾਧਾ ਹੋਇਆ ਹੈ।

ਦੋਵੇਂ ਮੈਨੇਜਰ ਦੇ ਦਫਤਰਾਂ ਦੀ ਐਕਸਟੈਂਸ਼ਨ ਕਰਵਾਈ ਗਈ ਜਿਨ੍ਹਾਂ ਨੂੰ ਅਕਾਊਂਟਸ ਰੂਮ ਅਤੇ ਕੰਪਿਊਟਰ ਰੂਮ ਵਜੋਂ ਵਰਤਿਆ ਜਾ ਰਿਹਾ ਹੈ।

ਭਵਨ ਵਿਖੇ ਫਿਜੀਓਥਰੈਪੀ ਸੈਂਟਰ ਦੀ ਰੈਨੋਵੇਸ਼ਨ ਅਤੇ ਰਿਪੇਅਰ ਦਾ ਕੰਮ ਪੂਰੀ ਤਰ੍ਹਾਂ ਨਾਲ ਮੁਕੰਮਲ ਕਰਵਾ ਦਿੱਤਾ ਗਿਆ ਹੈ ਜਿਸ ਨਾਲ ਇਸ ਸੈਂਟਰ ਦੀ ਦਿੱਖ ਵਿਚ ਬਹੁਤ ਫਰਕ ਪਿਆ ਹੈ ਅਤੇ ਇਸ ਬਾਰੇ ਆਉਣ ਵਾਲੇ ਮਰੀਜ਼ਾਂ ਵੱਲੋਂ ਵੀ ਕਾਫੀ ਸ਼ਲਾਘਾ ਕੀਤੀ ਜਾ ਰਹੀ ਹੈ।

ਭਵਨ ਵਿਚ ਕੁਕਿੰਗ ਕਰਨ ਲਈ ਜੋ ਰਸੋਈ ਦੀ ਸੁਵਿਧਾ ਹੈ ਉਸ ਦੇ ਨਾਲ ਸਟੇਨਲੈਸ ਸਟੀਲ ਦੇ ਤਿੰਨ ਖੁਰੇ ਬਣਾ ਦਿੱਤੇ ਗਏ ਜਿਸ ਨਾਲ ਰਸੋਈ ਦੇ ਬਰਤਨ ਅਤੇ ਹੋਰ ਕੁਕਿੰਗ ਦਾ ਸਾਜੋ ਸਮਾਨ ਬਹੁਤ ਚੰਗੇ ਤਰੀਕੇ ਨਾਲ ਸਾਫ ਹੋਵੇਗਾ।

**ਏ.ਸੀ. ਪਲਾਂਟ ਦੀ ਰਿਪੇਅਰ ਬਾਰੇ**:- ਭਵਨ ਦਾ ਏ.ਸੀ. ਪਲਾਂਟ ਪੂਰੀ ਤਰ੍ਹਾਂ ਨਾਲ ਕੂਲਿੰਗ ਨਹੀਂ ਕਰ ਰਿਹਾ ਸੀ ਜਿਸ ਦੀ ਚੰਗੀ ਤਰ੍ਹਾਂ ਸਰਵਿਸ ਕਰਵਾ ਕੇ ਅਤੇ ਗੈਸ ਭਰਵਾ ਕੇ ਕੂਲਿੰਗ ਦੀ ਯੋਗਤਾ ਨੂੰ ਵਧਾਇਆ ਗਿਆ ਅਤੇ ਭਵਨ ਵਿਚ ਹੋਣ ਵਾਲੇ 3 ਲੱਖ ਰੁਪਏ ਦੇ ਨੁਕਸਾਨ ਤੋਂ ਬਚਾਇਆ ਗਿਆ। ਏ.ਸੀ. ਪਲਾਂਟ ਦੀ ਸਰਵਿਸ ਤੇ ਲਗਪਗ 85000 ਰੁਪਏ ਖਰਚ ਹੋਏ ਹਨ।

**ਸੀਟੀ ਪੀਟੀ ਬਦਲਣ ਬਾਰੇ** :- ਚੰਡੀਗੜ੍ਹ ਐਡਮਿਨਸਟਰੇਸ਼ਨ ਦੀਆਂ ਹਿਦਾਇਤਾਂ ਮੁਤਾਬਿਕ ਸੀਟੀ ਪੀਟੀ ਪੂਰੀ ਤਰ੍ਹਾਂ ਬਦਲ ਦਿੱਤਾ ਗਿਆ ਹੈ ਅਤੇ ਸਪਲਾਈ ਦਾ ਮੇਨ ਸਵਿਚ ਐਮ.ਸੀ.ਬੀ. ਵਗੈਰਾ ਵੀ ਬਦਲ ਦਿੱਤੇ ਗਏ ਹਨ ਤਾਂਕਿ ਪੁਰਾਣਾ ਹੋਣ ਕਰਕੇ ਇਸ ਨੂੰ ਅੱਗ ਨਾ ਲੱਗ ਜਾਵੇ ਅਤੇ ਭਵਨ ਵਿਚ ਨੁਕਸਾਨ ਨਾ ਹੋਵੇ।

**ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਬਰਸੀ ਮਨਾਉਣ ਬਾਰੇ** :- 19 ਜੂਨ 2016 ਦਿਨ ਐਤਵਾਰ ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ (ਮੁਰਾਲੇ ਵਾਲੇ) ਦੀ 66 ਵੀਂ ਬਰਸੀ ਚੰਡੀਗੜ੍ਹ, ਮੋਹਾਲੀ, ਪੰਚਕੂਲਾ, ਪੰਜਾਬ, ਹਰਿਆਣਾ, ਹਿਮਾਚਲ ਦੀਆਂ ਸੰਗਤਾਂ ਅਤੇ ਹੋਰ ਮੈਂਬਰਾਨ ਦੇ ਪੂਰਨ ਸਹਿਯੋਗ ਅਤੇ ਸੰਗਤਾਂ ਦੇ ਭਾਰੀ ਇਕੱਠ ਨਾਲ ਲਬਾਣਾ ਭਵਨ, ਸੈਕਟਰ 30-ਏ, ਚੰਡੀਗੜ੍ਹ ਵਿਖੇ ਬੜੀ ਧੂਮਧਾਮ ਅਤੇ ਸ਼ਰਧਾ ਨਾਲ ਮਨਾਈ ਗਈ। ਕੀਰਤਨ ਦਰਬਾਰ ਵਿਚ ਹਜੂਰੀ ਰਾਗੀ ਜਥਿਆਂ ਨੇ ਆਪਣੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

**(ਹਰਬੰਸ ਸਿੰਘ), ਜਨਰਲ ਸਕੱਤਰ**

# ਪ੍ਰਦੂਸ਼ਣ ਰਹਿਤ ਫੁਲਵਾੜੀ ਦੀ ਲੋੜ

**ਰਾਮ ਸਿੰਘ ਢੇਸੀ**

ਮਨੁੱਖਤਾ ਅਤੇ ਫੁੱਲਾਂ ਦਾ ਸੰਬੰਧ ਮਨੁੱਖਤਾ ਨਾਲ ਕਿੰਨਾ ਹੀ ਪੁਰਾਣਾ ਏ। ਪੁਰਾਣੇਂ ਰਸ਼ੀਮ_ਨੀਤ ਪੱਸਿਆਅ ਸਥਾਨਦ ਿਚ ੋਨਗ ਹਿਰੀਪ ਡ਼ਚੋਲ ਉਪਰੰਤ ਕਰਦੇ ਸਨ। ਉਨ੍ਹਾਂ ਦੀਆਂ ਝੌਂਪੜੀਆਂ ਦਰਿਆਵਾਂ ਦੇ ਕੰਢਿਆਂ ਜਾਂ ਪਹਾੜਾਂ ਦੀਆਂ ਵਾਦੀਆਂ ਵਿਚ ਹੁੰਦੀਆਂ ਸਨ। ਆਪਣੀ ਕੁਟੀਆ ਦਾ ਆਲਾ-ਦੁਆਲਾ ਉਹ ਰੰਗ-ਬਿਰੰਗੇ ਫੁੱਲਾਂ ਨਾਲ ਸਜਾ ਕੇ ਰੱਖਦੇ। ਉਹ ਇਸ ਫੁਲਵਾੜੀ ਨੂੰ 'ਵਾਟਿਕਾ' ਕਹਿੰਦੇ ਸਨ। ਇਸ ਛੋਟੀ ਜਿਹੀ ਫੁਲਵਾੜੀ ਦੇ ਮਾਹੌਲ ਦਾ ਉਹ ਵਿਹਲੇ ਸਮੇਂ ਆਨੰਦ ਮਾਣਦੇ। ਫੁੱਲਾਂ ਨਾਲ ਕੰਮ ਕਰਦਿਆਂ ਉਹ ਕਾਦਰ ਅਤੇ ਕੁਦਰਤ ਨੂੰ ਬਹੁਤ ਨੇੜੇ ਮਹਿਸੂਸਦੇ ਸਨ। ਸਾਡੇ ਦੇਸ਼ ਵਿਚ ਫੁਲਵਾੜੀਆਂ ਰਾਜੇ ਮਹਾਰਾਜਿਆਂ ਦਾ ਜਾਂ ਸਾਧਾਂ ਸੰਤਾਂ ਦਾ ਸ਼ੌਂਕ ਸੀ। ਆਮ ਵਿਅਕਤੀ ਇਸ ਕੰਮ ਨੂੰ ਫਜ਼ੂਲ ਦਾ ਝੰਜਟ ਹੀ ਸਮਝਦਾ ਸੀ। ਘਰਾਂ ਵਿਚ ਫੁਲਵਾੜੀ ਲਈ ਥਾਂ ਘੱਟ ਵੱਧ ਹੀ ਛੱਡਿਆ ਜਾਂਦਾ ਸੀ। ਬਹੁਤੇ ਲੋਕਾਂ ਦੇ ਘਰ ਛੋਟੇ ਅਤੇ ਵਿਹੜੇ ਕੰਧਾਂ ਨਾਲ ਘਿਰੇ ਹੋਏ ਹੁੰਦੇ ਸਨ। ਪਾਣੀ ਦੀ ਉਪਲਭਤਾ ਕਾਫੀ ਘੱਟ ਸੀ, ਪੀਣ ਅਤੇ ਮੂੰਹ ਹੱਥ ਧੋਣ ਜੋਗਾ ਪਾਣੀ ਹੀ ਮਸਾਂ ਘਰਾਂ ਵਿਚ ਲਿਆਂਦਾ ਜਾਂਦਾ ਸੀ। ਫੇਰ ਵੀ ਮਹਿਕਾਂ ਭਰੇ ਮਨਮੋਹਣੇ ਫੁੱਲਾਂ ਨਾਲ ਹਾਰ-ਸ਼ਿੰਗਾਰ ਕਰਨਾ ਸਾਡੀ ਅਤਿ ਪੁਰਾਣੀ ਸੱਭਿਅਤਾ ਦਾ ਹਿੱਸਾ ਰਿਹਾ ਏ ਜਾਂ ਇਹ ਕਹਿ ਲਓ ਕਿ ਸਾਰੇ ਸੰਸਾਰ ਦੇ ਲੋਕ ਸਦਾ ਤੋਂ ਹੀ ਫੁੱਲਾਂ ਨਾਲ ਪਿਆਰ ਕਰਦੇ ਰਹੇ ਹਨ। ਪ੍ਰਾਹੁਣਿਆਂ ਨੂੰ ਫੁੱਲਾਂ ਦੇ ਹਾਰਾਂ ਨਾਲ ਨਿਵਾਜਣਾ ਸਾਡੀ ਇਕ ਪੁਰਾਤਨ ਰੀਤ ਹੈ।

ਸ਼ਕੁੰਤਲਾ ਨੇ ਸ਼ਾਂਤਨੂੰ ਨੂੰ ਪਹਿਲੀ ਮੁਲਾਕਾਤ ਵੇਲੇ ਫੁੱਲਾਂ ਦੇ ਹਾਰ ਹੀ ਪਾਏ ਸਨ। ਗੁਜਰਾਤੀ ਤੀਵੀਆਂ ਅੱਜਕਲ੍ਹ ਵੀ ਆਪਣੇ ਜੂੜਿਆਂ ਨਾਲ ਕਲੀਆਂ ਟੁੰਗਦੀਆਂ ਹਨ। ਜੇਕਰ ਤਾਜ਼ੇ ਫੁੱਲ ਨਾ ਮਿਲਣ ਤਾਂ ਉਹ ਰੇਸ਼ਮ, ਪਲਾਸਟਿਕ ਜਾਂ ਕਾਗ਼ਜ਼ ਦੇ ਫੁੱਲਾਂ ਨਾਲ ਵਾਲ ਸਜ਼ਾ ਲੈਂਦੀਆਂ ਹਨ। ਪਰ ਘਰੇਲੂ ਬਗੀਚੀ ਦੇ ਰਿਵਾਜ਼ ਦੇ ਸਬੂਤ ਸਾਡੇ ਇਤਿਹਾਸ 'ਚੋਂ ਨਹੀਂ ਮਿਲਦੇ ਜਿਸ ਦੇ ਉਲਟ ਯੂਰਪੀਨ ਲੋਕਾਂ ਵਿਚ ਆਪਣੇ ਘਰ ਦੇ ਅੱਗੇ ਪਿਛੇ ਛੋਟੀ-ਮੋਟੀ ਕਿਆਰੀ ਛੱਡਣ ਦਾ ਰਿਵਾਜ਼ 3000 ਸਾਲ ਤੋਂ ਵੀ ਪੁਰਾਣਾ ਏ। ਯੂਨਾਨੀ ਅਤੇ ਰੋਮਨ ਫੁੱਲਾਂ ਦੇ ਇਤਰ ਦੇ ਬੇਹੱਦ ਸ਼ੌਕੀਨ ਹੁੰਦੇ ਸਨ।

ਫੁੱਲਾਂ ਦਾ ਗੁਲਦਸਤਾ ਮਹਿਬੂਬ ਨੂੰ ਪੇਸ਼ ਕਰਨਾ ਇਕ ਕੀਮਤੀ ਤੋਹਫ਼ੇ ਦੇ ਤੁਲ ਮੰਨਿਆ ਜਾਂਦਾ ਹੈ। ਰੁੱਸੀ ਹੋਈ ਮਹਿਬੂਬਾ ਨੂੰ ਮਨਾਉਣਾ ਹੋਵੇ ਤਾਂ ਇਕ ਖ਼ੂਬਸੂਰਤ ਰੰਗ-ਬਿਰੰਗੇ ਫੁੱਲਾਂ ਦਾ ਗੁਲਦਸਤਾ (ਬੁਕੇ) ਪੇਸ਼ ਕੀਤਾ ਜਾ ਸਕਦਾ ਹੈ। ਫੁੱਲਾਂ ਦੇ ਇਤਰ ਨਾਲ ਦਵਾ ਦਾਰੂ ਬਾਰੇ ਕਈ ਪੁਸਤਕਾਂ ਲਿਖੀਆਂ ਗਈਆਂ ਹਨ। ਫੁੱਲ ਮਨੁੱਖ ਦੀ ਰੂਹ ਨੂੰ ਉਪਰ ਉਛਾਲਦੇ ਨੇ। ਫੁੱਲ ਧਰਤੀ ਦੀਆਂ ਅਤਿ ਰੁਮਾਂਚਿਕ ਕਵਿਤਾਵਾਂ ਹਨ।

ਅੱਜਕਲ੍ਹ ਸਾਡੇ ਦੇਸ਼ ਵਿਚ ਵੀ ਘਰੇਲੂ ਫੁਲਵਾੜੀ ਹਰਮਨ ਪਿਆਰੀ ਹੋ ਰਹੀ ਹੈ ਉਂਜ ਪਿੰਡਾਂ ਵਿਚ ਘਰੇਲੂ ਫੁਲਵਾੜੀ ਦੇ ਚਿੰਨ੍ਹ ਅਜੇ ਤੀਕ ਵੀ ਆਮ ਨਹੀਂ ਮਿਲਦੇ। ਫਿਰ ਵੀ ਫੁੱਲਾਂ-ਬੂਟਿਆਂ ਅਤੇ ਫਲਦਾਰ ਰੁੱਖਾਂ ਦੀਆਂ ਪਨੀਰੀਆਂ ਦੀ ਗਿਣਤੀ ਆਏ ਦਿਨ ਵਧ ਰਹੀ ਹੈ, ਜਿਹੜਾ ਫੁੱਲ ਅਤੇ ਰੁੱਖ-ਪਿਆਰਿਆਂ ਲਈ ਹੌਂਸਲਾ ਅਫ਼ਜ਼ਾਈ ਭਰਿਆ ਤੱਥ ਹੈ। ਫੁੱਲਾਂ ਦੀਆਂ ਦੁਕਾਨਾਂ ਸਾਡੇ ਸ਼ਹਿਰਾਂ ਵਿਚ ਆਮ ਖੁਲ੍ਹ ਗਈਆਂ ਹਨ ਜਿਥੋਂ ਹਰ ਤਰ੍ਹਾਂ ਦੇ ਫੁੱਲ ਸਾਰੇ ਸਮਾਜਿਕ ਮੌਕਿਆਂ ਲਈ ਮਿਲ ਸਕਦੇ ਹਨ।

ਪ੍ਰਦੂਸ਼ਣ ਰਹਿਤ ਘਰੇਲੂ ਫੁਲਵਾੜੀ ਦੇ ਜਨਮ ਦੀ ਮੈਂ ਅਜੇ ਉਡੀਕ ਵਿਚ ਹਾਂ। ਆਪਣੇ ਘਰ ਅਸੀਂ ਕਿਸੇ ਕਿਸਮ ਦੇ ਜ਼ਹਿਰੀਲੇ ਰਸਾਇਣਾਂ ਦਾ ਛਿੜਕਾ ਨਹੀਂ ਕਰਦੇ ਅਤੇ ਰਸਾਇਣਿਕ ਖਾਦ ਦੀ ਵਰਤੋਂ ਤੋਂ ਪੂਰੀ ਤਰ੍ਹਾਂ ਪਰਹੇਜ਼ ਕਰਦੇ ਹਾਂ। ਘਰੇਲੂ ਫੁਲਵਾੜੀ ਮਨੁੱਖ ਅਤੇ ਕੁਦਰਤ ਦੀ ਸਾਂਝ ਦੀ ਪੂਰਣ ਤਸਵੀਰ ਏ। ਸਾਡੇ ਵਾਤਾਵਰਣ ਦਾ ਇਹ ਛੋਟਾ ਜਿਹਾ ਹਿੱਸਾ ਸਾਡੇ ਲਈ ਅਤੇ ਹੋਰ ਬਹੁਤ ਸਾਰੇ ਜੀਵ-ਜੰਤੂਆਂ ਲਈ ਲਾਹੇਵੰਦ ਸਿੱਧ ਹੋ ਸਕਦਾ ਹੈ। ਪਰ ਫੁਲਵਾੜੀ ਪ੍ਰਤੀ ਸਾਡੀ ਪਹੁੰਚ ਜਾਬਰਾਨਾ ਤੇ ਤਾਨਾਸ਼ਾਹੀ ਵਾਲੀ ਨਹੀਂ ਹੋਣੀ ਚਾਹੀਦੀ ਕਿਉਂਕਿ ਜ਼ਾਲਮਾਂ ਦਾ ਆਪਣਾ ਅੰਤ ਵੀ ਕੋਈ ਬਹੁਤ ਖੁਸ਼ਗਵਾਰ ਨਹੀਂ ਹੁੰਦਾ। ਅਸੀਂ ਜੇਕਰ ਆਪਣੇ ਆਲੇ-ਦੁਆਲੇ ਨੂੰ ਤਰ੍ਹਾਂ-ਤਰ੍ਹਾਂ ਦੇ ਕੀਟਨਾਸ਼ਕਾਂ, ਨਦੀਣਨਾਸ਼ਕਾਂ ਅਤੇ ਰਸਾਇਣਿਕ ਖਾਦਾਂ ਨਾਲ ਜ਼ਹਿਰੀਲਾ ਬਣਾ ਲਵਾਂਗੇ ਤਾਂ ਓਸੇ ਜ਼ਹਿਰ ਨਾਲ ਹੀ ਸਾਡਾ ਅੰਤ ਹੋਵੇਗਾ। ਮੈਂ ਫੁਲਵਾੜੀ ਵਿਚ ਕੰਮ ਕਰਦਿਆਂ ਸਭ ਦੁਨੀਆਂ ਦੇ ਸਭ ਫਿਕਰ ਭੁੱਲ ਜਾਂਦਾ ਹਾਂ ਅਤੇ ਆਪਣੇ ਆਪ ਨੂੰ ਉਸ ਅਕਾਲ ਪੁਰਖ ਦੇ ਅਤਿਅੰਤ ਨੇੜੇ ਮਹਿਸੂਸ ਕਰਦਾ ਹਾਂ। ਫੁਲਵਾੜੀ ਵਿਚ ਛੋਟੇ ਮੋਟੇ ਕੰਮ ਕਰਦਿਆਂ ਮੈਨੂੰ ਥਕਾਵਟ ਮਹਿਸੂਸ ਨਹੀਂ ਹੁੰਦੀ। ਮਾਨਸਿਕ ਅਤੇ ਸਰੀਰਕ ਸੰਤੁਲਨ ਕਾਇਮ ਤੇ ਸਥਿਰ ਰੱਖਣ ਲਈ ਬਗੀਚੀ ਵਿਚ ਕੰਮ ਕਰਨ ਨਾਲੋਂ ਹੋਰ ਕੋਈ ਚੰਗਾ ਕੰਮ ਨਜ਼ਰ ਨਹੀਂ ਆਉਂਦਾ। ਧਰਤੀ ਅਤੇ ਫੁੱਲਾਂ ਨਾਲ ਦੋਸਤੀ ਨਾ ਕੇਵਲ ਆਪਣੀ ਆਤਮਾ ਨਾਲ ਮਿੱਤਰਤਾ ਦੇ ਤੁਲ ਏ ਬਲਕਿ ਸਾਰੀ ਕਾਇਨਾਤ ਤੁਸਾਂ ਦੀ ਹੋ ਕੇ ਰਹਿ ਜਾਂਦੀ ਹੈ। ਇਕ ਸ਼ਰਤ ਏ ਕਿ ਘਰੇਲੂ ਫੁਲਵਾੜੀ ਆਰਥਿਕ ਲਾਭ ਹਾਨ ਤੋਂ ਰਹਿਤ ਹੋਵੇ।

70ਵਿਆਂ ਦੀ ਗੱਲ ਹੈ, ਮੈਂ ਆਪਣੇ ਘਰ ਦੇ ਮੂਹਰਲੇ ਬਗੀਚੇ ਵਿਚ ਫੁੱਲ ਲਾ ਰਿਹਾ ਸਾਂ। ਮੇਰੇ ਬਜ਼ੁਰਗ ਮਾਮਾ ਜੀ ਜਿਹੜੇ ਹਰ ਕੰਮ ਪੈਸਿਆਂ ਲਈ ਕਰਦੇ ਸਨ, ਆ ਗਏ ਤੇ ਕੰਧ ਉਤੇ ਬੈਠਦਿਆਂ ਆਖਣ ਲੱਗੇ, "ਦੱਸ ਬਈ ਰਾਮ ਸਿਆਂ! ਕੀ ਕਰੀ ਜਾਨੈ!" ਮੈਂ ਕਿਹਾ, "ਜੀ ਕੁਝ ਨਵੇਂ ਫੁੱਲ ਲਾ ਰਿਹਾ ਅਤੇ ਬਾਕੀ ਦਿਆਂ ਨੂੰ ਗੁਡ ਰਿਹਾਂ।" "ਓਏ ਪਾਗਲਾ! ਇਨ੍ਹਾਂ ਨੂੰ ਕੋਈ ਅੰਬ ਲੱਗਣੇ ਨੇ, ਕੋਈ ਕੰਮ ਕਰਿਆ ਕਰ, ਜਿਸ ਵਿਚੋਂ ਕੁਝ ਨਿਕਲੇ। ਸਰਕਾਰੀ ਡਿਊਟੀ ਉਪਰੰਤ ਤੇਰੇ ਪਾਸ ਜਿੰਨਾ ਸਮਾਂ ਹੁੰਦਾ ਏ ਤੂੰ ਅਜਾਈਂ ਗੁਆ ਛੱਡਦਾ ਏਂ। ਉਲਟਾ ਫੁੱਲਾਂ ਬੂਟਿਆਂ 'ਤੇ ਖਰਚ ਵੀ ਕਰਦਾ ਏਂ। ਪੈਸੇ ਹੋਣਗੇ ਤਾਂ ਕਦੀ ਔਖੇ ਵੇਲੇ ਕੰਮ ਆਉਣਗੇ।"

ਮੈਂ ਕਿਹਾ, "ਮਾਮਾ ਜੀ! ਮੈਨੂੰ ਤੁਸੀਂ ਪਾਗਲ ਹੀ ਸਮਝੋਗੇ ਕਿਉਂਕਿ ਮੈਂ ਆਪਣੇ ਦਿਨ ਸੋਨੇ ਚਾਂਦੀ ਲਈ ਨਹੀਂ ਵੇਚਦਾ। ਮੇਰੀ ਨੌਕਰੀ ਮੇਰੇ ਗੁਜ਼ਾਰੇ

ਲਈ ਕਾਫੀ ਏ ਅਤੇ ਮੈਨੂੰ ਹੋਰ ਵਧੇਰੇ ਮਾਇਆ ਦੀ ਲੋੜ ਨਹੀਂ ਅਤੇ ਦੂਜੀ ਗੱਲ ਰਹੀ ਔਖੇ ਵੇਲੇ ਦੀ, ਜੇ ਕਦੀ ਸਮੇਂ ਦੀਆਂ ਕਣੀਆਂ ਮੈਨੂੰ ਭਿਉਂ ਵੀ ਦੇਣਗੀਆਂ ਤਾਂ ਕਿਹੜਾ ਕਹਿਰ ਆਜੂ!" ਉਹ ਚੁੱਪ ਹੋ ਗਏ।

ਮੈਂ ਉਨ੍ਹਾਂ ਨੂੰ ਇਕ ਬਰਾਂਡੀ ਦੀ ਗਲਾਸੀ ਦਿੱਤੀ ਤੇ ਆਪ ਫੁੱਲਾਂ ਨਾਲ ਕੰਮ ਕਰਦਾ ਰਿਹਾ। ਥੋੜ੍ਹੇ ਚਿਰ ਬਾਦ ਉਹ ਟਹਿਕ ਪਏ ਅਤੇ ਆਖਣ ਲੱਗੇ, "ਬਈ ਤੇਰਾ ਘਰ ਇਨ੍ਹਾਂ ਫੁੱਲਾਂ ਕਰਕੇ ਲੱਗਦਾ ਤਾਂ ਸੱਚੀਂ ਸੋਹਣਾ ਏ।" ਅਸੀਂ ਅੰਦਰ ਚਲੇ ਗਏ ਤੇ ਇਸ ਵਿਸ਼ੇ ਦਾ ਨਾਲ ਈ ਭੋਗ ਪੈ ਗਿਆ।

ਇਕ ਪ੍ਰਸਿੱਧ ਅਮਰੀਕਨ ਅਭਿਨੇਤਰੀ ਸ੍ਰੀਮਤੀ ਮਿਨੀਵਰ ਨੂੰ ਲੋਕੀਂ 'ਗੁਲਾਬ ਵਾਲੀ ਅਭਿਨੇਤਰੀ' ਕਹਿੰਦੇ ਸਨ। ਉਸ ਦਾ ਕਹਿਣਾ ਸੀ ਕਿ 1942ਤ ੋ1 945ਤ ਿਕਦ ੇ ਿ ਭਆਨਕਵ ੱਡੀਜ ੰਗਦ ੇਸ ਮੋਂਦ ਿਆਂ ਸਮੱਸਿਆਵਾਂ ਵਿਚੋਂ ਦੀ ਕਾਮਯਾਬੀ ਨਾਲ ਗੁਜ਼ਰਨਾ ਅਤੇ ਉਨ੍ਹਾਂ ਨਾਲ ਨਜਿੱਠਣਾ ਉਸ ਨੇ ਆਪਣੀ ਗੁਲਾਬ ਦੀ ਫੁਲਵਾੜੀ ਤੋਂ ਸਿੱਖਿਆ ਸੀ। ਉਹ ਗੁਲਾਬ ਦੀ ਰਾਣੀ ਆਪਣੀ ਫੁਲਵਾੜੀ ਵਿਚ ਕਿਸੇ ਵੀ ਕਿਸਮ ਦੀ ਰਸਾਇਣਿਕ ਖਾਦ ਨਹੀਂ ਸੀ ਪਾਉਂਦੀ ਪਰ ਅੱਜ ਦੀ ਮੈਡਮ ਮਿਨੀਵਰ ਫੁਲਵਾੜੀ ਵਿਚ ਵੱਡੇ ਸਾਰੇ ਹਰੇ ਹੈਟ ਅਤੇ ਫੁੱਲਾਂ ਵਾਲੀ ਫਰਾਕ ਪਹਿਨ ਆਪਣੀ ਫੁਲਵਾੜੀ ਦੀ ਦੇਖਭਾਲ ਜਿਵੇਂ ਕਰੇਗੀ ਉਹ ਕੁਝ ਇਸ ਤਰ੍ਹਾਂ ਏ।

ਅਜੋਕੀ ਮੈਡਮ ਮਿਨੀਵਰ ਦੀ ਤਸੱਲੀ ਨਹੀਂ ਹੁੰਦੀ ਜੇ! ਉਸ ਨੂੰ ਦੂਜੇ ਚੱਕਰ ਵੇਲੇ ਕੁਝ ਕੁ ਫੁੱਲਾਂ ਦੇ ਪੌਦਿਆਂ ਉਤੇ ਐਫਿਡ ਅਤੇ ਤੇਲਾ ਨਜ਼ਰ ਆਉਂਦਾ ਏ। ਉਸਦੇ ਮੱਥੇ 'ਤੇ ਤਿਊੜੀਆਂ ਪੈਂਦੀਆਂ ਨੇ ਤੇ ਅੱਖਾਂ ਖ਼ੂਨ ਉਗਲਦੀਆਂ ਨੇ, ਜਬਾੜਾ ਘੁੱਟਿਆ ਜਾਂਦਾ ਹੈ, ਦੰਦ ਕਰੀਚਦੀ ਉਹ ਸ਼ੈਡ ਵਿਚੋਂ ਤੇਲਾ ਅਤੇ ਐਫਿਡ ਮਾਰ ਜ਼ਹਿਰ ਭਰਿਆ ਕੈਨ ਕੱਢ ਲਿਆਉਂਦੀ ਹੈ। ਨਾਲ ਹੀ ਪੰਜ-ਚਾਰ ਵਰ੍ਹਿਆਂ ਦੀ ਓਹਦੀ ਧੀ ਵੀ ਫੁਲਵਾੜੀ ਵਿਚ ਆਣ ਵੜਦੀ ਏ। ਮੈਡਮ ਸਮੂਹ ਫੁੱਲ-ਬੂਟਿਆਂ ਨੂੰ ਇਸ ਜ਼ਹਿਰ ਨਾਲ ਨੁਹਾ ਛੱਡਦੀ ਏ। ਇਸ ਛਿੜਕਾਅ ਦੀ ਬਰੀਕ ਭੂਰ ਓਹਦੀ ਬੱਚੀ 'ਤੇ ਵੀ ਪੈਂਦੀ ਏ ਅਤੇ ਨੇੜੇ ਬੀਜੇ ਮੂਲੀਆਂ, ਸ਼ਲਗਮਾਂ ਅਤੇ ਸਾਗ ਤੇ ਵੀ। ਉਸ ਨੂੰ ਯਕੀਨ ਹੈ ਕਿ ਇਹ ਛਿੜਕਾਅ ਉਸ 'ਤੇ ਜਾਂ ਉਸ ਦੀ ਧੀ 'ਤੇ ਕੋਈ ਭੈੜਾ ਅਸਰ ਨਹੀਂ ਕਰੇਗਾ ਪਰ ਹੁੰਦਾ ਏਸ ਦੇ ਉਲਟ ਹੈ। ਧੀ ਦੇ ਗੁਰਦੇ ਖਰਾਬ ਹੋਣੇ ਸ਼ੁਰੂ ਹੋ ਜਾਂਦੇ ਹਨ ਅਤੇ ਮੈਡਮ ਮਿਹਦੇ ਤੇ ਦਮੇ ਦਾ ਰੋਗ ਸਹੇੜ ਲੈਂਦੀ ਹੈ। ਤੇਲਾ ਅਤੇ ਐਫ਼ਿਡ ਇਕ ਵਾਰ ਤਾਂ ਨਸ਼ਟ ਹੋ ਗਿਆ ਜਾਪਦਾ ਏ ਪਰ ਉਸ ਦੀ ਅਗਲੀ ਪੀੜ੍ਹੀ ਹੋਰ ਵਧੇਰੇ ਤਾਕਤਵਰ ਹੋ ਸਾਹਮਣੇ ਆਉਂਦੀ ਏ ਅਤੇ ਇਸ ਪੀੜ੍ਹੀ 'ਤੇ ਇਨ੍ਹਾਂ ਦਵਾਈਆਂ ਦਾ ਕੋਈ ਅਸਰ ਨਹੀਂ ਹੁੰਦਾ।

ਪਰ ਮੈਡਮ ਜੇਕਰ ਥੋੜ੍ਹਾ ਜਿੰਨਾ ਜਿਗਰਾ ਕਰਦੀ ਤਾਂ ਹੋ ਸਕਦਾ ਸੀ ਕਿ ਤੇਲਾ ਅਤੇ ਐਫਿਡ ਉਂਜ ਹੀ ਅਲੋਪ ਹੋ ਜਾਂਦਾ ਜਾਂ ਤੇਲੇ ਨੂੰ ਖਾਣ ਵਾਲੇ ਪੰਛੀ ਅਤੇ ਲਾਲ ਭੂੰਡੀਆਂ ਆਦਿ ਇਸ ਨੂੰ ਖਤਮ ਕਰ ਦੇਂਦੇ। ਸਾਬਣ ਦੇ ਘੋਲ ਦੇ ਛਿੜਕਾਅ ਨਾਲ ਵੀ ਤੇਲਾ ਅਤੇ ਐਫਿਡ ਮਾਰਿਆ ਜਾ ਸਕਦਾ ਸੀ। ਓਹਦੀ ਧੀ ਅਤੇ ਉਹ ਖੁਦ ਵੀ ਸਿਹਤਮੰਦ ਰਹਿ ਸਕਦੀਆਂ ਸਨ ਜੋ ਕਿ ਵਧੀਆ ਫੁੱਲਾਂ ਦੇ ਨਾਲ ਉਨ੍ਹਾਂ ਨੂੰ ਮਿਲਿਆ ਹੋਇਆ ਝੂੰਗਾ ਹੁੰਦਾ।

ਮੈਨੂੰ ਹੈਰਾਨੀ ਹੁੰਦੀ ਹੈ ਵੇਖ ਕੇ ਉਨ੍ਹਾਂ ਲੋਕਾਂ ਨੂੰ ਜਿਹੜੇ ਗਡੋਇਆਂ ਅਤੇ ਧਰਤ ਘੁਮਿਆਰਾਂ ਨੂੰ ਵੇਖ ਕੇ ਰਾਜ਼ੀ ਨਹੀਂ। "ਲਾਅਨ ਵਿਚ ਖਰਾਬੀ ਕਰਦੇ ਨੇ ਜੀ ਇਹ ਅਤੇ ਰਸਤੇ ਵਿਚ ਪੈਰਾਂ ਹੇਠ ਵੀ ਆਉਂਦੇ ਨੇ। ਬੜੇ ਗੰਦੇ ਨੇ ਜੀ! ਇਹ ਰੀਂਘਦੇ ਫਿਰਦੇ ਸਾਨੂੰ ਨਹੀਂ ਸੁਖਾਉਂਦੇ।" ਕੀਟਨਾਸ਼ਕਾਂ ਨਾਲ ਇਨ੍ਹਾਂ ਦੋਸਤਾਂ ਨੂੰ ਸਦਾ ਦੀ ਨੀਂਦ ਸੁਆ ਦਿੱਤਾ ਜਾਂਦਾ ਹੈ। ਇਹ ਧਰਤੀ ਨੂੰ ਪੋਲਿਆਂ ਹੀਨ ਹੀਂਕ ਰਦੇਸ ਗੋਂਅ ਾਪਧ ਰਤੀਅ ਤੇਖ ੇਤਲ ਈਵ ਧੀਆਖ ਾਦ ਬਣਾਉਂਦੇ ਨੇ। ਆਖਰ ਨੂੰ ਏਨਾਂ ਦਾ ਵਜੂਦ ਵੀ ਧਰਤੀ ਵਿਚ ਹੀ ਮਿਲ ਜਾਂਦਾ ਹੈ ਜੋ ਕਿ ਧਰਤੀ ਨੂੰ ਹੋਰ ਜ਼ਿਆਦਾ ਜ਼ਰਖੇਜ਼ ਕਰਦਾ ਏ। ਘਾਹ ਨੂੰ ਛੋਟੀ ਹੱਥ ਹੈਰੋ ਫੇਰਨੀ ਚਾਹੀਦੀ ਏ ਤਾਂ ਕਿ ਗਡੋਇਆਂ ਆਦਿ ਨੂੰ ਹਵਾ ਮਿਲ ਸਕੇ ਅਤੇ ਘਾਹ ਦੀਆਂ ਜੜ੍ਹਾਂ ਵੀ ਪੋਲੀਆਂ ਰਹਿਣ ਜਿਸ ਨਾਲ ਬਾਗ ਜਾਂ ਫੁਲਵਾੜੀ ਵਧੇਰੇ ਹਰੀ ਭਰੀ ਅਤੇ ਸੰਘਣੀ ਹੋਵੇਗੀ। ਪਰ ਅਸੀਂ ਅੱਜ ਦੀ ਮੈਡਮ ਮਿਨੀਵਰ ਵਾਂਗ ਕੀਟਨਾਸ਼ਕ, ਨਦੀਨ ਨਾਸ਼ਕ, ਉੱਲੀ ਨਾਸ਼ਕ ਜ਼ਹਿਰਾਂ ਅਤੇ ਰਸਾਇਣਕ ਖਾਦਾਂ ਦੀ ਇਸ਼ਤਿਹਾਰਬਾਜ਼ੀ ਬੜੇ ਧਿਆਨ ਨਾਲ ਵੇਖਦੇ ਹਾਂ ਅਤੇ ਬਗੀਚੀ ਦੀਆਂ ਸਾਰੀਆਂ ਸਮੱਸਿਆਵਾਂ ਇਨ੍ਹਾਂ ਰਾਹੀਂ ਹੱਲ ਕਰਨ ਦਾ ਯਤਨ ਕਰਦੇ ਹਾਂ।

ਗਾਜਰਾਂ ਨੂੰ ਇਕ ਰੋਗ ਲੱਗਦਾ ਹੈ ਜਿਸ ਨੂੰ ਅੰਗਰੇਜ਼ੀ ਵਿਚ ਕ੍ਰੈਟ ਫਲਾਈ ਜਾਂ ਪੰਜਾਬੀ ਵਿਚ ਸਿਵੀਂ ਕਹਿੰਦੇ ਹਨ। ਅੱਜਕਲ੍ਹ ਰਸਾਇਣਕ ਕੀਟਨਾਸ਼ਕਾਂ ਦੀ ਵਰਤੋਂ ਇਸ ਕੰਮ ਲਈ ਕੀਤੀ ਜਾਂਦੀ ਹੈ। ਇਸ ਦੀ ਸਪਰੇਅ ਨਾਲ ਗਰਭ ਵਿਚ ਬੱਚਿਆਂ ਉਤੇ ਵੀ ਭੈੜਾ ਅਸਰ ਹੁੰਦਾ ਹੈ। ਸੰਸਾਰ ਦੇ ਕਈ ਦੇਸ਼ਾਂ ਨੇ ਇਸ ਦੀ ਵਰਤੋਂ ਕਾਨੂੰਨੀ ਬੰਦ ਕਰ ਦਿੱਤੀ ਏ।

**ਮਿੱਤਰ ਕੀੜਿਆਂ ਤੇ ਪੰਛੀਆਂ ਦੀ ਲੋੜ** - ਵਰਤਮਾਨ ਦੀ ਮੈਡਮ ਮਿਨੀਵਰ ਜਾਂ ਮਾਲੀ ਨੂੰ ਗਿਆਨ ਨਹੀਂ ਕਿ ਤੇਲਿਆਂ ਆਦਿ ਨੂੰ ਨਸ਼ਟ ਕਰਨ ਦੀ ਲੋੜ ਨਹੀਂ ਏ ਕਿਉਂਕਿ ਜਿਥੇ ਤੇਲਾ ਹੋਵੇਗਾ ਉਥੇ ਓਸ ਨੂੰ ਖਾਣ ਵਾਲੇ ਹੋਰ ਕੀੜੇ ਅਤੇ ਪੰਛੀ ਵੀ ਪੁੱਜ ਜਾਣਗੇ ਆਮ ਧਾਰਨਾ ਹੈ ਕਿ ਬਹੁਤੇ ਕੀੜੇ ਫੁੱਲਾਂ ਫਲਾਂ ਲਈ ਹਾਨੀਕਾਰਕ ਨੇ ਜੇਕਰ ਕਿਧਰੇ ਕੁਝ ਇਕ ਲਾਭਦਾਇਕ ਵੀ ਹੋਣ ਤਾਂ ਵੀ ਉਨ੍ਹਾਂ ਨੂੰ ਜਾਨਣ ਦੇ ਯਤਨ ਕਰਨਾ ਵਕਤ ਜਾਇਆ ਕਰਨ ਦੇ ਬਰਾਬਰ ਹੈ। ਸੋ ਕਿਉਂ ਨਾ ਸਭ ਦਾ ਸਫਾਇਆ ਹੀ ਕਰ ਦਿੱਤਾ ਜਾਵੇ। ਸਮੂਹ ਜੀਵਾਂ ਦੀ ਹੋਂਦ ਇਕ ਦੂਜੇ 'ਤੇ ਨਿਰਭਰ ਹੈ ਅਤੇ ਅਸੀਂ ਸਾਰੇ ਹਾਨੀਕਾਰਕ ਕੀੜਿਆਂ ਨੂੰ ਕਦੀ ਵੀ ਪੂਰੀ ਤਰ੍ਹਾਂ ਨਸ਼ਟ ਨਹੀਂ ਕਰ ਸਕਦੇ। ਜੇਕਰ ਕੁਦਰਤੀ ਸੰਤੁਲਨ ਵਿਗੜ ਜਾਵੇ ਤਾਂ ਸਥਿਤੀ ਉਤੇ ਕਾਬੂ ਪਾਉਣ ਖਾਤਰ ਇਨ੍ਹਾਂ ਕੀੜਿਆਂ ਦਾ ਪੂਰਾ ਸਰਵੇਖਣ ਕਰਨਾ ਬਣਦਾ ਹੈ। ਮੁਕੰਮਲ ਪੁਣ ਛਾਣ ਉਪਰੰਤ ਹੀ ਕੋਈ ਉਚਿਤ ਕਦਮ ਚੁੱਕਣਾ ਚਾਹੀਦਾ ਹੈ। ਜੇਕਰ ਸਥਿਤੀ ਫੇਰ ਵੀ ਕਾਬੂ ਵਿਚ ਨਾ ਆਵੇ ਅਤੇ ਰਸਾਇਣਕ ਛਿੜਕਾਅ ਜਾਂ ਧੂੜੇ ਦੀ ਲੋੜ ਜ਼ਰੂਰੀ ਹੋ ਜਾਵੇ ਤਾਂ ਸੰਕੋਚ ਨਾਲ ਵਰਤੋਂ ਕਰਨੀ ਚਾਹੀਦੀ ਹੈ। ਪਰ ਰਸਾਇਣਿਕ ਜ਼ਹਿਰਾਂ ਦੀ ਵਰਤੋਂ ਰਹਿਤ ਇਲਾਜ ਨੇ ਜਿਵੇਂ ਕਿ ਫਸਲਾਂ ਦੀ ਬਿਜਾਈ ਦੀ ਅਗੇਤ-ਪਛੇਤ ਨਾਲ ਕਈ ਰੋਗ ਲੱਗਦੇ ਹੀ ਨਹੀਂ।

**ਫਸਲਾਂ ਨੂੰ ਰਲਾ ਕੇ ਬੀਜਣਾ** - ਕਈ ਸਬਜ਼ੀਆਂ ਤੇ ਫੁੱਲਾਂ ਦੀ ਮਿਲਾਵਟੀ ਬਿਜਾਈ ਕਰਨ ਨਾਲ ਬਹੁਤ ਸਾਰੇ ਰੋਗ ਨਹੀਂ ਲੱਗਦੇ। ਜਿਵੇਂ ਲੱਸਣ ਜਾਂ ਗਾਜਰਾਂ ਵਿਚ ਸਦਬਰਗ। ਗਾਜਰਾਂ ਨੂੰ ਲੱਸਣ ਅਤੇ ਸਦਬਰਗ ਸਿਵੀ ਤੋਂ ਬਚਾਉਂਦੇ ਨੇ। ਗੁਲਦਾਉਦੀ ਨੇੜੇ ਐਫਿਡ ਅਤੇ ਹਰਾ ਤੇਲਾ ਘੱਟ ਆਉਂਦਾ ਏ। ਫੁੱਲਾਂ ਉਤੇ ਭੌਰੇ ਆਉਂਦੇ ਨੇ ਡੇਮੂ ਅਤੇ ਬਡਿਆਲ ਵੀ ਆਉਂਦੇ ਹਨ। ਉਹ ਕਈ ਕਿਸਮ ਦੇ ਕੀੜਿਆਂ ਨੂੰ ਖਾਂਦੇ ਹਨ।

ਘਰੇਲੂ ਫੁਲਵਾੜੀ ਵਿਚੋਂ ਕਈ ਤਰ੍ਹਾਂ ਦੇ ਹਾਨੀਕਾਰਕ ਜੀਵ ਹੱਥੀਂ ਵੀ ਮਾਰੇ ਜਾ ਸਕਦੇ ਹਨ ਜਿਵੇਂ ਕਿ ਕੁਤੜਾ। ਜੇ ਧਿਆਨ ਰੱਖਿਆ ਜਾਵੇ ਅਤੇ ਜਦ ਤੀਕ ਇਨ੍ਹਾਂ ਦੀ ਗਿਣਤੀ ਹੱਦ ਅੰਦਰ ਹੋਵੇ ਇਨਾਂ ਨੂੰ ਹੱਥੀਂ ਮਾਰ ਸੁੱਟਣਾ

ਜਾਂ ਦਬਾਅ ਦੇਣ ਵਿਚ ਕੋਈ ਗੁਨਾਹ ਨਹੀਂ।

